ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 147 Wednesday, July 31, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਹੁਆਵੇਈ ਤੇ 5 ਜੀ ਬਾਰੇ ਚੋਣਾਂ ਤੋਂ ਪਹਿਲਾਂ ਕੋਈ ਫੈਸਲਾ ਨਹੀਂ ਹੋ ਸਕਦਾ : ਗੁਡੇਲ



ਓਟਵਾ, 30 ਜੁਲਾਈ (ਪੋਸਟ ਬਿਊਰੋ) : ਚੀਨ ਦੀ ਤਕਨੀਕੀ ਮਾਹਿਰ ਕੰਪਨੀ ਹੁਆਵੇਈ ਕੈਨੇਡਾ ਲਈ ਨੈਕਸਟ ਜੈਨਰੇਸ਼ਨ 5 ਜੀ ਵਾਇਰਲੈੱਸ ਨੈੱਟਵਰਕ ਮੁਹੱਈਆ ਕਰਵਾ ਸਕੇਗੀ ਜਾਂ ਨਹੀਂ ਇਸ ਦਾ ਪਤਾ ਲਾਉਣ ਲਈ ਕੈਨੇਡੀਅਨਾਂ ਨੂੰ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਤੋਂ ਬਾਅਦ ਤੱਕ ਦੀ ਉਡੀਕ ਕਰਨੀ ਹੋਵੇਗੀ।

ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਨੇ ਸਪਸ਼ਟ ਕੀਤਾ ਕਿ ਚੀਨ ਦੀ ਇਹ ਸਰਕਾਰੀ ਕੰਪਨੀ ਕਾਰਨ ਸਕਿਊਰਿਟੀ ਨੂੰ ਕਿਹੋ ਜਿਹਾ ਖਤਰਾ ਹੈ ਇਹ ਜਾਨਣ ਲਈ ਕੈਨੇਡਾ ਅਮਰੀਕਾ ਤੋਂ ਇਸ ਸਬੰਧ ਵਿੱਚ ਵਧੇਰੇ ਜਾਣਕਾਰੀ ਚਾਹੁੰਦਾ ਹੈ। ਅਜਿਹਾ 21 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਸਤੰਬਰ ਦੇ ਆਰੰਭ ਵਿੱਚ ਸ਼ੁਰੂ ਹੋਣ ਜਾ ਰਹੀ ਕੈਂਪੇਨਿੰਗ ਤੋਂ ਪਹਿਲਾਂ ਨਹੀਂ ਹੋ ਸਕਦਾ। ਕੈਨੇਡਾ ਤੇ ਇਸ ਦੇ ਫਾਈਵ ਆਈਜ਼ ਇੰਟੈਲੀਜੈਂਸ ਭਾਈਵਾਲਾਂ- ਅਮਰੀਕਾ, ਬ੍ਰਿਟੇਨ, ਆਸਟਰੇਲੀਆ ਤੇ ਨਿਊਜ਼ੀਲੈਂਡ ਦਰਮਿਆਨ ਲੰਡਨ ਵਿੱਚ ਹੋਈ ਵੱਡੀ ਮੀਟਿੰਗ ਤੋਂ ਬਾਅਦ ਗੁਡੇਲ ਨੇ ਆਖਿਆ ਕਿ ਇਸ ਪੜਾਅ ਉੱਤੇ ਇਹ ਸੰਭਵ ਨਹੀਂ ਹੈ ਕਿ ਇਸ ਸਬੰਧ ਵਿੱਚ ਕੋਈ ਵੀ ਫੈਸਲਾ ਚੋਣਾਂ ਤੋਂ ਪਹਿਲਾਂ ਕੀਤਾ ਜਾ ਸਕੇਗਾ।

ਇਹ ਮੀਟਿੰਗ ਹੁਆਵੇਈ ਨੂੰ 5 ਜੀ ਸਿਸਟਮ ਲਈ ਸਾਜ਼ੋ ਸਮਾਨ ਸਪਲਾਈ ਕਰਨ ਦੇਣ ਜਾਂ ਨਾ ਦੇਣ ਲਈ ਪਈਆਂ ਵੰਡੀਆਂ ਕਾਰਨ ਕੀਤੀ ਗਈ। ਇੱਥੇ ਦੱਸਣਾ ਬਣਦਾ ਹੈ ਕਿ ਅਮਰੀਕਾ ਤੇ ਆਸਟਰੇਲੀਆ ਵੱਲੋਂ ਹੁਆਵੇਈ ਉੱਤੇ ਪਾਬੰਦੀ ਲਾਈ ਗਈ ਹੈ। ਦੋਵਾਂ ਦੇਸ਼ਾਂ ਨੂੰ ਇਹ ਤੌਖਲਾ ਹੈ ਕਿ ਇਹ ਚੀਨੀ ਫੌਜ ਦੀ ਖੁਫੀਆ ਏਜੰਸੀ ਦਾ ਹਿੱਸਾ ਹੈ ਪਰ ਕੰਪਨੀ ਵੱਲੋਂ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਤਿੰਨ ਤਲਾਕ ਦੀ ਰਿਵਾਇਤ ਰੋਕਣ ਦਾ ਬਿੱਲ ਭਾਰਤੀ ਪਾਰਲੀਮੈਂਟ ਵਿੱਚ ਪਾਸ



ਪੰਨਾ 3

ਪਾਕਿਸਤਾਨੀ ਫ਼ੌਜ ਦਾ ਜਹਾਜ਼ ਡਿੱਗਣ ਨਾਲ 17 ਮੌਤਾਂ



ਪੰਨਾ 4

## ਕਿਊਬਾ ਵਿੱਚ ਕੈਨੇਡੀਅਨ ਅੰਬੈਸੀ ਵੱਲੋਂ ਕੁੱਝ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ ਮੁੜ ਬਹਾਲ



ਕਿਊਬਾ, 30 ਜੁਲਾਈ (ਪੋਸਟ ਬਿਊਰੋ) : ਕਿਊਬਾ ਵਿੱਚ ਕੈਨੇਡੀਅਨ ਅੰਬੈਸੀ ਵੱਲੋਂ ਆਪਣੀਆਂ ਮਈ ਵਿੱਚ ਰੱਦ ਕੀਤੀਆਂ ਗਈਆਂ ਕੁੱਝ ਸੇਵਾਵਾਂ ਨੂੰ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ। ਉਸ ਸਮੇਂ ਇਹ ਸੇਵਾਵਾਂ ਰਹੱਸਮਈ ਢੰਗ ਨਾਲ ਬਿਮਾਰ ਪਏ ਕਈ ਡਿਪਲੋਮੈਟਸ ਦੇ ਸਬੰਧ ਵਿੱਚ ਰੱਦ ਕੀਤੀਆਂ ਗਈਆਂ ਸਨ।

ਇੱਕ ਨਿਊਜ਼ ਰਲੀਜ਼ ਵਿੱਚ ਇਮੀਗ੍ਰੇਸ਼ਨ,ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਆਖਿਆ ਕਿ ਉਨ੍ਹਾਂ ਵੱਲੋਂ ਪਾਸਪੋਰਟ ਡਰਾਪ ਆਫ ਤੇ ਵੀਜ਼ਾ ਪਿੱਕ ਅੱਪ ਸਰਵਿਸਿਜ਼ ਮੁੜ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਬਾਇਓਮੀਟ੍ਰਿਕ ਕੁਲੈਕਸ਼ਨ, ਜਿਸ ਵਿੱਚ ਫਿੰਗਰਪ੍ਰਿੰਟ ਤੇ ਫੋਟੋ ਲੈਣਾ ਆਦਿ ਸ਼ਾਮਲ ਹੈ, ਵੀ ਪਹਿਲੀ ਅਗਸਤ ਤੋਂ ਕਿਊਬਾ ਦੀ ਰਾਜਧਾਨੀ ਹਵਾਨਾ ਵਿੱਚ ਸ਼ੁਰੂ ਕੀਤੀ ਜਾਵੇਗੀ। ...ਬਾਕੀ ਪੰਨਾ 6 'ਤੇ

## ਪੂਲ 'ਚ ਕਲੋਰੀਨ ਕੰਟੈਮੀਨੇਸ਼ਨ ਕਾਰਨ ਸੱਤ ਬੱਚਿਆਂ ਨੂੰ ਕਰਵਾਇਆ ਹਸਪਤਾਲ ਦਾਖਲ



ਬਰਲਿੰਗਟਨ, 30 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਬਰਲਿੰਗਟਨ ਪੂਲ ਵਿੱਚ ਕਲੋਰੀਨ ਕੰਟੈਮੀਨੇਸ਼ਨ ਕਾਰਨ ਸੱਤ ਬੱਚਿਆਂ ਨੂੰ ਹਸਪਤਾਲ ਲਿਜਾਇਆ ਗਿਆ।

ਦੁਪਹਿਰੇ 2:30 ਵਜੇ ਦੇ ਨੇੜੇ ਤੇੜੇ ਲਾਸਾਲੇ ਪਾਰਕ ਰੋਲਡ ਤੇ ਪਲੇਨਜ਼ ਰੋਡ ਵੈਸਟ ਨੇੜੇ ਲਾਸਾਲੇ ਵੇਡਿੰਗ ਪੂਲ ਤੇ ਸਪਲੈਸ਼ ਪੈਡ ਉੱਤੇ ਪੈਰਾਮੈਡਿਕਸ ਤੇ ਫਾਇਰ ਅਮਲੇ ਨੂੰ ਸੱਦਿਆ ਗਿਆ। ਹਾਲਟਨ ਰੀਜਨਲ ਪੈਰਾਮੈਡਿਕਸ ਚੀਫ ਗ੍ਰੈੱਗ ਸੇਜ ਅਨੁਸਾਰ ਬੱਚਿਆਂ ਵੱਲੋਂ ਜੀ ਕੱਚਾ ਹੋਣ ਤੇ ਉਲਟੀਆਂ ਦੀ ਸ਼ਿਕਾਇਤ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ...ਬਾਕੀ ਪੰਨਾ 6 'ਤੇ

## ਹੈਕਰ ਨੇ ਹੈਕ ਕੀਤੀ ਕੈਪੀਟਲ ਵੰਨ ਦੇ 100 ਮਿਲੀਅਨ ਬਿਨੈਕਾਰਾਂ ਦੀ ਜਾਣਕਾਰੀ

### 6 ਮਿਲੀਅਨ ਕੈਨੇਡੀਅਨ ਵੀ ਪ੍ਰਭਾਵਿਤ



ਸੀਆਟਲ, 30 ਜੁਲਾਈ (ਪੋਸਟ ਬਿਊਰੋ) : ਇੱਕ ਹੈਕਰ ਨੇ ਕੈਪੀਟਲ ਵੰਨ ਦੀਆਂ 100 ਮਿਲੀਅਨ ਤੋਂ ਵੀ ਵੱਧ ਕ੍ਰੈਡਿਟ ਐਪਲੀਕੇਸ਼ਨਜ਼ ਸਬੰਧੀ ਨਿਜੀ ਜਾਣਕਾਰੀ ਹਾਸਲ ਕਰ ਲਈ। ਇਨ੍ਹਾਂ ਅਰਜ਼ੀਆਂ ਵਿੱਚ ਛੇ ਮਿਲੀਅਨ ਕੈਨੇਡਾ ਦੀਆਂ ਸਨ। ਸੋਮਵਾਰ ਨੂੰ ਬੈਂਕ ਨੇ ਆਖਿਆ ਕਿ ਇਸ ਸਬੰਧ ਵਿੱਚ ਫੈਡਰਲ ਅਧਿਕਾਰੀਆਂ ਵੱਲੋਂ ਇੱਕ ਮਸ਼ਕੂਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ...ਬਾਕੀ ਪੰਨਾ 6 'ਤੇ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE · MORTGAGE INSURANCE · CRITICAL ILLNESS INS · DISABILITY INSURANCE · TRAVEL INS · FUNERAL INSURANCE · RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home · Auto · Business · Trucking · Life Insurance · Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Advice you can bank on. Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats · Spiders & Fleas · Bedbugs · Wasps · Cockroaches · Carpenter Ants · Silver Fish · Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration · Real Estate · Family Law · Business Closing · Corporate · Wills & Estate · Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

ਕੀ ਤੁਸੀ ਕਾਕਰੋਚ, ਚੁੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets · Completly Furnished · Legal Basement · Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885


INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types · Walkie pallet Low Lift · Electric Motor Narrow Aisle Reach · Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law · Business Law · Wills & Estates · Family Law · Power of Attorney · Civil Litigation · Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

# Dr. Randhawa Dentistry



*Your own dentist who really cares for you*

**We Provide the following Services:**


- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# APEX

CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO



Laddi



**647-575-6102**
Email: apexconstruc16@gmail.com



# SASH FLEET HOLDING LTD

Established since 2007

**NOW HIRING!!!**
**AZ DRIVERS FOR US**

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment



**HIRING!!! Operations Manager**

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

**Send all resume to recuit@sashts.com**



## ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

# KITCHEN CABINET

Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction







We Specialize in granite, quartz & marble countertops

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**



# TCMPLUS

**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

**FREE CONSULTATION:** **905-415-6999**
30 Wertheim court, Unit 11, Richmond Hill



# Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਤਿੰਨ ਤਲਾਕ ਦੀ ਰਿਵਾਇਤ ਰੋਕਣ ਦਾ ਬਿੱਲ ਭਾਰਤੀ ਪਾਰਲੀਮੈਂਟ ਵਿੱਚ ਪਾਸ

ਨਵੀਂ ਦਿੱਲੀ, 30 ਜੁਲਾਈ, (ਪੋਸਟ ਬਿਊਰੋ)- ਮੁਸਲਿਮ ਔਰਤਾਂ ਨੂੰ 'ਤਿੰਨ ਤਲਾਕ' ਦੇ ਨਾਲ ਘਰੋਂ ਕੱਢਣ ਦੀ ਰਵਾਇਤ ਉੱਤੇ ਰੋਕ ਲਾਉਣ ਦੀ ਵਿਵਸਥਾ ਕਰਦੇ ਇਤਿਹਾਸਕ ਬਿੱਲ ਨੂੰ ਭਾਰਤੀ ਪਾਰਲੀਮੈਂਟ ਨੇ ਅੱਜ ਮਨਜ਼ੂਰੀ ਦੇ ਦਿਤੀ ਹੈ। ਇਸ ਬਿੱਲ ਵਿਚ ਤਿੰਨ ਵਾਰ ਤਲਾਕ-ਤਲਾਕ-ਤਲਾਕ ਕਹਿ ਕੇ ਪਤਨੀ ਨੂੰ ਘਰੋਂ ਕੱਢਣ ਦਾ ਯਤਨ ਕਰਨ ਦਾ ਅਪਰਾਧ ਸਿੱਧ ਹੋਣ ਉੱਤੇ ਸਬੰਧਤ ਪਤੀ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਹੋ ਸਕੇਗੀ। ਮੁਸਲਿਮ ਔਰਤ (ਵਿਆਹ ਅਧਿਕਾਰ ਸੁਰੱਖਿਆ) ਬਿੱਲ ਨੂੰ ਰਾਜ ਸਭਾ ਨੇ ਅੱਜ ਮੰਗਲਵਾਰ ਨੂੰ 84 ਦੇ ਮੁਕਾਬਲੇ 99 ਵੋਟਾਂ ਨਾਲ ਪਾਸ ਕਰ ਦਿਤਾ। ਲੋਕ ਸਭਾ ਇਸ ਨੂੰ ਪਹਿਲਾਂ ਪਾਸ ਕਰ ਚੁੱਕੀ ਹੈ। ਅੱਜ ਇਹ ਬਿੱਲ ਪਾਰ ਕਰਨ ਤੋਂ ਪਹਿਲਾਂ ਰਾਜ ਸਭਾ ਨੇ ਬਿੱਲ ਨੂੰ ਸਿਲੈਕਟ ਕਮੇਟੀ ਵਿੱਚ ਭੇਜਣ ਦੇਲਈ ਵਿਰੋਧੀ ਮੈਂਬਰਾਂ ਦੀ ਮੰਗ ਦੇ ਮਤੇ ਨੂੰ 84 ਦੇ ਮੁਕਾਬਲੇ 100 ਵੋਟਾਂ ਨਾਲ ਰੱਦ ਕਰ ਦਿਤਾ। ਕਾਂਗਰਸ ਦੇ ਆਗੂ ਦਿਗਵਿਜੇ ਸਿੰਘ ਵੱਲੋਂ ਪੇਸ਼ ਕੀਤੀ ਗਈ ਇਹ ਮੰਗ 84 ਦੇ ਮੁਕਾਬਲੇ 100 ਵੋਟਾਂ ਨਾਲ ਰੱਦ ਹੋ ਗਈ।



ਭਾਰਤ ਦੇ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਬਿੱਲ ਬਾਰੇ ਚਰਚਾ ਦਾ ਜਵਾਬ ਦਿੰਦਿਆਂ ਕਿਹਾ ਕਿ ਪ੍ਰਸਿੱਧ ਜੱਜ ਆਮਿਰ ਅਲੀ ਨੇ 1908 ਵਿਚ ਲਿਖੀ ਕਿਤਾਬ ਵਿੱਚ ਲਿਖਿਆ ਸੀ ਕਿ ਤਲਾਕ-ਏ-ਬਿਦਤ ਦਾ ਪੈਗੰਬਰ ਮੁਹੰਮਦ ਸਾਹਿਬ ਨੇ ਵੀ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਇੱਕ ਆਈਟੀ ਮਾਹਰ ਮੁਸਲਿਮ ਔਰਤ ਨੇ ਉਨ੍ਹਾਂ ਨੂੰ ਕਿਹਾ ਕਿ ਤਿੰਨ ਧੀਆਂ ਦੇ ਜਨਮ ਪਿੱਛੋਂ ਉਸ ਦੇ ਪਤੀ ਨੇ ਉਸ ਨੂੰ ਐਸਐਮਐਸ ਨਾਲ ਤਿੰਨ ਵਾਰੀ



ਤਲਾਕ ਕਹਿ ਦਿਤਾ ਹੈ। ਰਵੀਸ਼ੰਕਰ ਨੇ ਕਿਹਾ, 'ਕਾਨੂੰਨ ਮੰਤਰੀ ਵਜੋਂ ਮੈਂ ਉਸ ਨੂੰ ਕੀ ਇਹ ਕਹਿੰਦਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਮੜ੍ਹ ਕੇ ਰੱਖ ਲਵੇ, ਅਦਾਲਤ ਵਿਚ ਮਾਣਹਾਨੀ ਦਾ ਕੇਸ ਕਰੇ। ਪੁਲਿਸ ਕਹਿੰਦੀ ਹੈ ਕਿ ਸਾਨੂੰ ਇਨ੍ਹਾਂਕੇਸਾਂ ਵਿਚ ਹੋਰ ਕਾਨੂੰਨੀ ਅਧਿਕਾਰ ਚਾਹੀਦੇ ਹਨ।' ਮੰਤਰੀ ਰਵੀਸ਼ੰਕਰ ਨੇ ਸ਼ਾਹਬਾਨੋ ਕੇਸ ਵਿਚ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਪਲਟਣ ਲਈ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਵੱਲੋਂ ਲਿਆਂਦੇ ਗਏ ਬਿੱਲ ਦਾ ਜ਼ਿਕਰ ਕਰਦਿਆਂ ਕਿਹਾ, 'ਮੈਂ ਨਰਿੰਦਰ ਮੋਦੀ ਸਰਕਾਰ ਦਾ ਕਾਨੂੰਨ ਮੰਤਰੀ ਹਾਂ, ਰਾਜੀਵ ਗਾਂਧੀ ਸਰਕਾਰ ਦਾ ਕਾਨੂੰਨ ਮੰਤਰੀ ਨਹੀਂ।' ਉਨ੍ਹਾਂ ਕਿਹਾ ਕਿ ਇਰਾਦਾ ਨੇਕ ਹੋਵੇ ਤਾਂ ਬਦਲਾਓ ਦੀ ਪਹਿਲ ਦਾ ਲੋਕ ਸਮਰਥਨ ਕਰਦੇ ਹਨ। ਉਨ੍ਹਾਂ ਕਿਹਾ ਕਿ ਜਦ ਇਸਲਾਮੀ ਦੇਸ਼ ਅਪਣੀਆਂ ਔਰਤਾਂ ਦੇ ਭਲੇ ਲਈ ਤਬਦੀਲੀ ਦੇ ਯਤਨਕਰ ਰਹੇ ਹਨ ਤਾਂ ਅਸੀਂ ਧਰਮਨਿਰਪੱਖ ਦੇਸ਼ ਹੋਣ ਦੇ ਨਾਤੇ ਪਿੱਛੇ ਕਿਉਂ ਹਟੀਏ?

ਕਾਂਗਰਸ ਪਾਰਟੀ ਅਤੇ ਕੁਝ ਹੋਰ ਧਿਰਾਂ ਨੇ ਇਸ ਬਿੱਲ ਨੂੰ ਪਾਸ ਕਰਨ ਦਾ ਵਿਰੋਧ ਕੀਤਾ, ਪਰ ਭਾਜਪਾ ਨਾਲ ਸਾਂਝ ਵਾਲੇ ਜਨਤਾ ਦਲ ਯੂ ਦੇ ਪਾਰਲੀਮੈਂਟ ਮੈਂਬਰਾਂ ਨੇ ਇਸ ਮੌਕੇ ਵੋਟ ਹੀ ਨਹੀਂ ਪਾਈ ਤੇ ਸਿੱਧਾ ਵਿਰੋਧ ਕਰਨ ਦੀ ਥਾਂ ਵੋਟਿੰਗ ਦੇ ਵਕਤ ਰਾਜ ਸਭਾ ਵਿੱਚੋਂ ਵਾਕ ਆਊਟ ਕਰ ਦਿੱਤਾ ਸੀ।

## ਅੱਜ ਨਾਮਾ

ਰਾਜ ਜੰਗਲ ਦਾ ਯੂ ਪੀ ਵਿੱਚ ਲੋਕ ਕਹਿੰਦੇ,
ਭਾਜਪਾ ਆਖਦੀ, ਇਹ ਨਹੀਂ ਠੀਕ ਮੀਆਂ।
ਘਰ ਤੋਂ ਜਾਵੇ ਕੋਈ ਸੱਜਣ ਬਾਜ਼ਾਰ ਵੰਨੀਂ,
ਮੁਸ਼ਕਲ ਹੈ ਪੁੱਜਣਾ ਓਥੋਂ ਦੇ ਤੀਕ ਮੀਆਂ।
ਧਾੜ ਗੁੰਡਿਆਂ ਦੀ ਗਲੀਓ-ਗਲੀ ਫਿਰਦੀ,
ਨਿਕਲ ਸਕਦੀ ਹੈ ਕਿਵੇ ਵੀ ਚੀਕ ਮੀਆਂ।
ਤਾਕਤ ਆਗੂਆਂ ਦੀ ਸੁਣਿਆ ਵੱਧ ਓਧਰ,
ਸਿਸਟਮ ਹੋਇਆ ਪ੍ਰਬੰਧਕੀ ਵੀਕ ਮੀਆਂ।
ਬਣੀਆਂ ਜੇਲ੍ਹਾਂ ਅਪਰਾਧਾਂ ਦਾ ਮੁੱਖ ਕੇਂਦਰ,
ਮਿਲੇ ਅਫਸਰ ਅਪਰਾਧੀਆਂ ਨਾਲ ਮੀਆਂ।
ਮਾਰ-ਧਾੜ ਪਈ ਜਿੰਨੀ ਵੀ ਬਾਹਰ ਹੁੰਦੀ,
ਵੰਡਿਆ ਵਰਤਿਆ ਜਾਂਵਦਾ ਮਾਲ ਮੀਆਂ।

**ਤੀਸ ਮਾਰ ਖਾਂ**

## ਇਟਲੀ ਤੋਂ ਸੰਨੀ ਦੀ ਲਾਸ਼ ਅਲਾਵਲਪੁਰ ਪੁੱਜੀ

ਕਿਸ਼ਨਗੜ੍ਹ, 30 ਜੁਲਾਈ (ਪੋਸਟ ਬਿਊਰੋ)- ਇਟਲੀ 'ਚ ਇਕ ਘੋੜਿਆਂ ਦੇ ਫਾਰਮ ਹਾਊਸ 'ਚ ਭੇਤਭਰੇ ਹਾਲਾਤ 'ਚ ਫਾਹੇ ਨਾਲ ਲਟਕਦੀ ਮਿਲੀ ਨੌਜਵਾਨ ਦੀ ਲਾਸ਼ ਕੱਲ੍ਹ ਮੌਤ ਤੋਂ 33 ਦਿਨ ਬਾਅਦ ਅਲਾਵਲਪੁਰ ਪੁੱਜਣ 'ਤੇ ਅਲਾਵਲਪੁਰ 'ਚ ਸੋਗ ਦੀ ਲਹਿਰ ਛਾ ਗਈ। ਮ੍ਰਿਤਕ ਦੇ ਪਰਵਾਰ ਦਾ ਦਾਅਵਾ ਹੈ ਕਿ ਸੰਨੀ ਰਾਮ ਨੇ ਖੁਦਕੁਸ਼ੀ ਨਹੀਂ ਕੀਤੀ, ਸਗੋਂ ਫਾਰਮ ਹਾਊਸ ਦੇ ਮਾਲਕ ਨੇ ਉਸ ਦਾ ਕਤਲ ਕਰਕੇ ਲਾਸ਼ ਨੂੰ ਦਰੱਖਤ ਨਾਲ ਲਟਕਾਈ ਹੈ।

ਅਲਾਵਲਪੁਰ ਦੇ ਮੁਹੱਲਾ ਨਬੀਪੁਰ ਦੇ ਵਾਸੀ ਮ੍ਰਿਤਕ ਦੇ ਭਰਾ ਰਾਕੀ ਨੇ ਦੱਸਿਆ ਕਿ ਉਸ ਦਾ 32 ਸਾਲ ਦਾ ਭਰਾ ਸੰਨੀ ਰਾਮ ਕਈ ਸਾਲ ਪਹਿਲਾਂ ਇਟਲੀ ਗਿਆ ਸੀ, ਜਿਥੇ ਉਹ ਸ਼ਹਿਰ ਤਰੀਨੋ ਦੇ ਨੇੜੇ ਪੈਂਦੇ ਕਸਬੇ ਲੀਵਰਨੋ ਫੇਰਾਰਸੀ ਵਿੱਚ ਰਹਿ ਰਿਹਾ ਸੀ। ਉਹ ਪਿਛਲੇ ਸੱਤ ਸਾਲ ਤੋਂ ਘੋੜਿਆਂ ਦੇ ਇਕ ਫਾਰਮ ਹਾਊਸ 'ਚ ਕੰਮ ਕਰ ਰਿਹਾ ਸੀ। ਪਿਛਲੇ 10 ਮਹੀਨਿਆਂ ਤੋਂ ਉਸ ਦੇ ਮਾਲਕ ਨੇ ਉਸ ਨੂੰ ਤਨਖਾਹ ਨਹੀਂ ਦਿੱਤੀ ਸੀ। ਉਹ ਜਦ ਵੀ ਤਨਖਾਹ ਮੰਗਦਾ ਤਾਂ ਮਾਲਕ ਉਸ ਨੂੰ ਜਲਦੀ ਤਨਖਾਹ ਦੇਣ ਦਾ ਲਾਰਾ ਲਾ ਕੇ ਵਾਪਸ ਭੇਜ ਦਿੰਦਾ, ਜਿਸ ਕਾਰਨ ਸੰਨੀ ਪਰੇਸ਼ਾਨ ਸੀ। ਆਪਣੀ ਮੌਤ ਤੋਂ ਪਹਿਲਾਂ ਸੰਨੀ ਰਾਮ ਨੇ ਮਾਲਕ ਉੱਤੇ ਤਨਖਾਹ ਲਈ ਕਾਫੀ ਦਬਾਅ ਬਣਾਇਆ ਸੀ। ਉਨ੍ਹਾਂ ਦੋਵਾਂ 'ਚ ਲੜਾਈ ਝਗੜਾ ਵੀ ਹੋਇਆ ਸੀ ਤੇ ਸੰਨੀ ਰਾਮ ਨੇ ਪੁਲਸ ਕੋਲ ਸ਼ਿਕਾਇਤ ਕਰਨ ਦਾ ਵੀ ਮਾਲਕ ਨੂੰ ਡਰਾਵਾ ਦਿੱਤਾ ਹੋਇਆ ਸੀ। ਪਰਵਾਰ ਦਾ ਕਹਿਣਾ ਕਿ ਸੰਨੀ ਰਾਮ ਆਤਮ ਹੱਤਿਆ ਨਹੀਂ ਕਰ ਸਕਦਾ। ਉਸ ਦੇ ਮਾਲਕ ਨੇ ਸੰਨੀ ਰਾਮ ਦਾ ਕਤਲ ਪਿਛਲੀ 26 ਜੂਨ ਨੂੰ ਕਰਕੇ ਲਾਸ਼ ਨੂੰ ਫਾਹਾ ਬਣਾ ਕੇ ਲਟਕਾ ਦਿੱਤਾ ਸੀ। ਉਸ ਵੱਲੋਂ ਜੋ ਸੁਸਾਈਡ ਨੋਟ ਇਸ ਲਈ ਦਿਖਾਇਆ ਜਾ ਰਿਹਾ ਕਿ ਉਸ ਨੂੰ ਸੰਨੀ ਰਾਮ ਦੀ ਤਨਖਾਹ ਨਾ ਦੇਣੀ ਪਵੇ। ਰਾਕੀ ਨੇ ਦੱਸਿਆ ਕਿ ਸੰਨੀ ਰਾਮ ਦੀ ਮੌਤ ਦੀ ਖਬਰ 28 ਜੂਨ ਨੂੰ ਉਨ੍ਹਾਂ ਦੇ ਦੋ ਸਕੇ ਭਰਾ, ਜੋ ਇਟਲੀ ਵਿੱਚ ਪੱਕੇ ਤੌਰ 'ਤੇ ਰਹਿ ਰਹੇ ਹਨ ਤੇ ਸੰਨੀ ਰਾਮ ਤੋਂ 250 ਕਿਲੋਮੀਟਰ ਦੂਰ ਕੰਮ ਕਰਦੇ ਹਨ, ਨੇ ਦਿੱਤੀ। ਕੱਲ੍ਹ ਸੰਨੀ ਰਾਮ ਦੀ ਲਾਸ਼ ਅਲਾਵਲਪੁਰ 'ਚ ਪੁੱਜਣ 'ਤੇ ਸ਼ਹਿਰ 'ਚ ਸੋਗ ਦੀ ਲਹਿਰ ਦੌੜ ਗਈ।

## ਰੂਬੀ ਸਹੋਤਾ ਨੇ ਲਾਂਚ ਕੀਤੀ ਚੋਣ ਕੈਂਪੇਨ

### ਹਜ਼ਾਰਾਂ ਦੀ ਗਿਣਤੀ ਵਿੱਚ ਸਮਰਥਕ ਜੁਟੇ

ਬਰੈਂਪਟਨ, 30 ਜੁਲਾਈ (ਪੋਸਟ ਬਿਊਰੋ) : ਫੈਡਰਲ ਚੋਣਾਂ ਵਿੱਚ ਹੁਣ 100 ਦਿਨ ਤੋਂ ਵੀ ਘੱਟ ਦਾ ਸਮਾਂ ਬਚਿਆ ਹੈ, ਅਜਿਹੇ ਵਿੱਚ ਬਰੈਂਪਟਨ ਨੌਰਥ ਤੋਂ ਲਿਬਰਲ ਉਮੀਦਵਾਰ ਤੇ ਮੌਜੂਦਾ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਵੱਲੋਂ ਆਪਣੀ ਚੋਣ ਕੈਂਪੇਨ ਦੀ ਸ਼ੁਰੂਆਤ ਕੀਤੀ ਗਈ। ਇਸ ਕੈਂਪੇਨ ਵਿੱਚ ਸਹੋਤਾ ਦੀ ਮਦਦ ਕਰਨ ਲਈ ਨੌਰਥ ਪਾਰਕ ਡਰਾਈਵ ਤੇ ਡਿਕਸੀ ਰੋਡ ਉੱਤੇ ਉਨ੍ਹਾਂ ਦੇ ਹਜ਼ਾਰਾਂ ਸਮਰਥਕ ਮੌਜੂਦ ਸਨ।

ਰੂਬੀ ਸਹੋਤਾ ਬਰੈਂਪਟਨ ਲਈ ਅਣਥੱਕ ਚੈਂਪੀਅਨ ਹੋਣ ਦੇ ਨਾਲ ਨਾਲ ਓਟਵਾ ਵਿੱਚ ਕਮਿਊਨਿਟੀ ਦੀ ਦਮਦਾਰ ਆਵਾਜ਼ ਵੀ ਹੈ। ਬਰੈਂਪਟਨ ਵਿੱਚ ਵਧੇਰੇ ਨਿਵੇਸ਼, ਜਿਸ ਵਿੱਚ ਕਮਿਊਨਿਟੀ ਇਨਫਰਾਸਟ੍ਰਕਚਰ ਤੇ ਪਬਲਿਕ ਟਰਾਂਜ਼ਿਟ ਫੰਡਿੰਗ, ਪ੍ਰਾਪਰਟੀ ਟੈਕਸ ਫਰੀਜ਼ ਕਰਨ ਲਈ ਸਿਟੀ ਕਾਉਂਸਲ ਦੀ ਮਦਦ ਲਈ ਗੈਸ ਟਰਾਂਸਫਰ ਨੂੰ ਦੂਹਰਾ ਕਰਨ, ਸਾਈਬਰਸਕਿਊਰਿਟੀ ਕੈਟਾਲਿਸਟ ਨੂੰ ਬਰੈਂਪਟਨ ਲਿਆਉਣ ਲਈ ਰਾਇਰਸਨ ਯੂਨੀਵਰਸਿਟੀ ਨਾਲ ਮਲਟੀ ਸੈਕਟਰ ਭਾਈਵਾਲੀ ਲਈ ਵੀ ਰੂਬੀ ਸਹੋਤਾ ਬਰੈਂਪਟਨ ਦੀ ਵਧੇਰੇ ਬੁਲੰਦ ਆਵਾਜ਼ ਰਹੀ ਹੈ।

ਲਿਬਰਲ ਪਾਰਟੀ ਦੀ ਮੈਂਬਰ ਹੋਣ ਨਾਤੇ ਰੂਬੀ ਸਹੋਤਾ ਨੇ ਮੱਧ ਵਰਗ ਤੇ ਨਿੱਕੇ ਕਾਰੋਬਾਰੀਆਂ ਲਈ ਟੈਕਸਾਂ ਵਿੱਚ ਕਟੌਤੀਆਂ ਕਰਨ, ਪਰਿਵਾਰਾਂ ਤੇ ਬਜ਼ੁਰਗਾਂ ਲਈ ਬੈਨੇਫਿਟਜ਼ ਦੇ ਪਸਾਰ, ਮਲਟੀਪਲ ਟਰੇਡ ਅਗਰੀਮੈਂਟਸ ਵਿੱਚ ਸਫਲ ਗੱਲਬਾਤ ਕਰਨ ਲਈ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਕੰਮ ਕੀਤਾ ਤੇ ਇਸ ਉੱਤੇ ਉਨ੍ਹਾਂ ਨੂੰ ਪੂਰਾ ਮਾਣ ਹੈ। ਇਨ੍ਹਾਂ ਨੀਤੀਆਂ ਕਾਰਨ ਕੈਨੇਡੀਅਨਾਂ ਨੂੰ ਇੱਕ ਮਿਲੀਅਨ ਤੋਂ ਵੀ ਵੱਧ ਰੋਜ਼ਗਾਰ ਦੇ ਮੌਕੇ ਮਿਲੇ, ਬੇਰੋਜ਼ਗਾਰੀ ਦਰ ਘੱਟ ਗਈ ਤੇ 800,000 ਕੈਨੇਡੀਅਨਜ਼ ਗਰੀਬੀ ਵਿੱਚੋਂ ਬਾਹਰ ਆ ਸਕੇ। ਇਸ ਮੌਕੇ ਰੂਬੀ ਸਹੋਤਾ ਨੇ ਆਖਿਆ ਕਿ ਸੱਤਾ ਵਿੱਚ ਆਉਣ ਦੇ ਪਹਿਲੇ ਦਿਨ ਤੋਂ ਲੈ ਕੇ ਹੁਣ ਤੱਕ ਫੈਡਰਲ ਲਿਬਰਲ ਸਰਕਾਰ ਕੈਨੇਡੀਅਨਾਂ ਤੇ ਬਰੈਂਪਟਨ ਵਾਸੀਆਂ ਦੀਆਂ ਜ਼ਿੰਦਗੀਆਂ ਸੰਵਾਰ ਰਹੀ ਹੈ। ਉਨ੍ਹਾਂ ਆਖਿਆ ਕਿ ਉਹ ਇਸ ਲਈ ਦੁਬਾਰਾ ਚੋਣਾਂ ਵਿੱਚ ਖੜ੍ਹੀ ਹੋ ਰਹੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੀ ਕਮਿਊਨਿਟੀ ਲਈ ਕੀਤਾ ਜਾਣ ਵਾਲਾ ਨਿਵੇਸ਼ ਬਾਦਸਤੂਰ ਚੱਲਦਾ ਰਹੇ।

## ਬਹਾਦਰੀ ਇਨਾਮ ਜੇਤੂ ਜਵਾਨਾਂ ਤੇ ਅਫਸਰਾਂ ਨੂੰ ਇੱਕ-ਰੈਂਕ ਇੱਕ ਤਰੱਕੀ ਦੀ ਨੀਤੀ ਵਿਚਾਰ ਅਧੀਨ

ਚੰਡੀਗੜ੍ਹ, 30 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਕਿਹਾ ਕਿ ਉਨ੍ਹਾਂ ਦੀ ਸਰਕਾਰ ਜੰਗ ਜਾਂ ਸ਼ਾਂਤੀ ਦੇ ਸਮੇਂ ਬਹਾਦਰੀ ਐਵਾਰਡ ਜਿੱਤਣ ਵਾਲੇ ਪੰਜਾਬ ਦੇ ਫੌਜੀ ਜਾਂ ਪੁਲਸ ਦੇ ਜਵਾਨਾਂ ਅਤੇ ਅਫਸਰਾਂ ਲਈ ਇੱਕ ਰੈਂਕ ਤਰੱਕੀ ਨੀਤੀ ਬਾਰੇ ਵਿਚਾਰ ਕਰ ਰਹੀ ਹੈ।

ਕੱਲ੍ਹ ਇਥੇ ਕਾਰਗਿਲ ਜੰਗ ਦੇ ਨਾਇਕ ਸਤਪਾਲ ਸਿੰਘ ਦੇ ਮੋਢਿਆਂ ਉਤੇ ਸਹਾਇਕ ਸਬ ਇੰਸਪੈਕਟਰ (ਏ ਐੱਸ ਆਈ) ਵਜੋਂ ਤਰੱਕੀ ਦੇ ਸਟਾਰ ਲਾਉਣ ਵੇਲੇ ਮੁੱਖ ਮੰਤਰੀ ਨੇ ਕਿਹਾ ਕਿ ਜੇ ਅਜਿਹਾ ਕੋਈ ਅਧਿਕਾਰੀ ਜਾਂ ਜਵਾਨ ਪੰਜਾਬ ਪੁਲਸ ਵਿੱਚ ਸ਼ਾਮਲ ਹੋਣ ਦੀ ਇੱਛਾ ਰੱਖਦਾ ਹੈ ਤਾਂ ਉਸ ਦੀਆਂ ਸੇਵਾਵਾਂ ਅਤੇ ਬਹਾਦਰੀ ਨੂੰ ਪੂਰੀ ਤਰ੍ਹਾਂ ਮਾਨਤਾ ਦਿੱਤੀ ਜਾਵੇਗੀ। ਉਨ੍ਹਾਂ ਨੇ ਸ਼ੁੱਕਰਵਾਰ ਨੂੰ ਵੀਰ ਚੱਕਰ ਐਵਾਰਡੀ ਸਤਪਾਲ ਸਿੰਘ ਨੂੰ ਹੈੱਡ ਕਾਂਸਟੇਬਲ ਤੋਂ ਤਰੱਕੀ ਦੇ ਦਿੱਤੀ ਸੀ। ਹੈੱਡ ਕਾਂਸਟੇਬਲ ਵਜੋਂ ਉਹ 26 ਜੁਲਾਈ ਤੱਕ ਸੰਗਰੂਰ ਜ਼ਿਲ੍ਹੇ ਵਿੱਚ ਟਰੈਫਿਕ ਕੰਟਰੋਲ ਦੀ ਡਿਊਟੀ ਨਿਭਾ ਰਿਹਾ ਸੀ। ਉਸ ਨੂੰ ਤਰੱਕੀ ਦੇ ਸਟਾਰ ਲਾਉਣ ਸਮੇਂ ਪੰਜਾਬ ਪੁਲਸ ਦੇ ਡੀ ਜੀ ਪੀ ਦਿਨਕਰ ਗੁਪਤਾ ਵੀ ਹਾਜ਼ਰ ਸਨ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਬਣਾਈ ਜਾ ਰਹੀ ਨੀਤੀ ਵਿੱਚ ਅਨਿਆਂ ਹੋਣ ਦੀ ਕੋਈ ਗੁੰਜਾਇਸ਼ ਨਹੀਂ ਰਹੇਗੀ। ਉਨ੍ਹਾਂ ਸਾਫ ਕੀਤਾ ਕਿ ਇਸ ਨੀਤੀ ਵਿੱਚ ਫੌਜੀ ਜਵਾਨਾਂ ਤੋਂ ਇਲਾਵਾ ਜੇ ਸੀ ਓ ਅਤੇ ਐੱਨ ਸੀ ਓ ਸਮੇਤ ਪੁਲਸ ਬਹਾਦਰੀ ਐਵਾਰਡ ਜੇਤੂ ਸ਼ਾਮਲ ਕੀਤੇ ਜਾਣਗੇ। ਵਰਨਣ ਯੋਗ ਹੈ ਕਿ ਸਤਪਾਲ ਸਿੰਘ ਫੌਜ ਵਿੱਚ ਸੇਵਾ ਨਿਭਾਉਣ ਤੋਂ ਬਾਅਦ ਪੰਜਾਬ ਪੁਲਸ ਵਿੱਚ ਭਰਤੀ ਹੋ ਗਿਆ ਸੀ। ਵਿਜੈ ਓਪਰੇਸ਼ਨ ਵੇਲੇ ਉਹ ਕਾਰਗਿਲ ਦੇ ਦਰਾਸ ਸੈਕਟਰ ਵਿੱਚ ਸੀ। ਟਾਈਗਰ ਹਿੱਲ 'ਤੇ ਕਬਜ਼ਾ ਕਰਨ ਵਾਲੀ ਭਾਰਤੀ ਫੌਜ ਦੀ ਮਦਦ ਕਰਨ ਵਾਲੀ ਟੀਮ ਦੇ ਮੈਂਬਰ ਵਜੋਂ ਸਤਪਾਲ ਨੇ ਨਾਰਦਰਨ ਲਾਈਟ ਇਨਫੈਂਟਰੀ ਦੇ ਕੈਪਟਨ ਕਰਨਲ ਸ਼ੇਰ ਖਾਨ ਅਤੇ ਤਿੰਨ ਹੋਰਾਂ ਨੂੰ ਮਾਰ ਦਿੱਤਾ ਸੀ।

## ਲੁਧਿਆਣਾ ਇਲਾਕਾ ਨਿਵਾਸੀਆਂ ਦੀ ਸਲਾਨਾ ਪਿਕਨਿਕ 5 ਅਗਸਤ ਨੂੰ

ਗੁਰਜੀਤ ਸਿੰਘ ਸਿੱਧੂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਬਲਾਕ ਸਿੱਧਵਾਂ ਬੇਟ (ਲੁਧਿਆਣਾ) ਇਲਾਕਾ ਨਿਵਾਸੀਆਂ ਦੀ ਸਲਾਨਾ ਪਿਕਨਿਕ ਇਸ ਵਾਰ 5 ਅਗਸਤ ਨੂੰ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਆਈਲੈਂਡ ਲੇਕ ਕੰਜ਼ਰਵੇਸ਼ਨ ਏਰੀਆ-2 (673067 Hurontario st. Orangeville, on Law 2Y9) ਵਿਖੇ ਹੋਣ ਜਾ ਰਹੀ ਹੈ। ਖਾਣ-ਪੀਣ ਦਾ ਪੂਰਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸਾਰੇ ਇਲਾਕਾ ਨਿਵਾਸੀਆਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਗੁਰਦੀਪ ਸਿੰਘ ਖਹਿਰਾ ਨਾਲ 416-457-5176, ਚਰਨਜੀਤ ਸਿੰਘ ਸਿੱਧੂ 647-210-7112 ਅਤੇ ਇੰਦਰਪ੍ਰੀਤ ਸਿੰਘ ਜੌਹਲ ਨਾਲ 416-358-8478 ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਬਾਬੇ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਲਈ ਸਿੱਖ ਯਾਤਰੀਆਂ ਦਾ ਜਥਾ ਪਾਕਿਸਤਾਨ ਪੁੱਜਾ

* ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਜਥੇ ਵਿੱਚ ਸ਼ਾਮਲ



ਅੰਮ੍ਰਿਤਸਰ, 30 ਜੁਲਾਈ, (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ 508 ਸਿੱਖ ਯਾਤਰੀਆਂ ਦਾ ਇਕ ਜਥਾ ਅੱਜ ਅਟਾਰੀ ਵਾਹਗਾ ਸਰਹੱਦ ਤੋਂ ਪਾਕਿਸਤਾਨ ਰਵਾਨਾ ਹੋਇਆ। ਇਸ ਜਥੇ ਵਿਚ ਤਖ਼ਤ ਸਾਹਿਬਾਨ ਦੇ ਜਥੇਦਾਰਾਂ, ਕਈ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਦੇ ਨਾਲ ਆਮ ਸ਼ਰਧਾਲੂ ਵੀ ਸਨ। ਇਹ ਸਾਰੇ ਸਿੱਖ ਸ਼ਰਧਾਲੂ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਅਗਸਤ ਨੂੰ ਸਜਾਏ ਜਾਣ ਵਾਲੇ ਪਹਿਲੇ ਅੰਤਰਰਾਸ਼ਟਰੀ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਸੜਕ ਦੇ ਰਸਤੇ ਤੋਂ ਪਾਕਿਸਤਾਨ ਨੂੰ ਗਏ ਹਨ।ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਆਪਣੀ ਤਰ੍ਹਾਂਦੇ ਇਸ ਪਹਿਲੇ ਅੰਤਰਰਾਸ਼ਟਰੀ ਨਗਰ ਕੀਰਤਨ ਦਾ ਆਰੰਭ ਇੱਕ ਅਗਸਤ ਨੂੰ ਸਵੇਰੇ 9 ਵਜੇ ਗੁਰਦੁਆਰਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਅਰਦਾਸ ਕਰਨ ਨਾਲ ਹੋਵੇਗਾ।

ਅੱਜ ਸਰਹੱਦ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਨਗਰ ਕੀਰਤਨ ਗੁਰਦਵਾਰਾ ਜਨਮ ਅਸਥਾਨ ਨਨਕਾਣਾ ਸਾਹਿਬ ਤੋਂਸ਼ੁਰੂ ਹੋ ਕੇ ਸ਼ਾਮ ਅੰਮ੍ਰਿਤਸਰ ਪੁੱਜੇਗਾ ਤੇ ਫਿਰ ਭਾਰਤ ਦੇ ਵੱਖ ਵੱਖ ਰਾਜਾਂ ਅਤੇ ਸ਼ਹਿਰਾਂ ਤੋਂ ਹੁੰਦਾ ਹੋਇਆ ਸੁਲਤਾਨਪੁਰ ਲੋਧੀ ਪੁੱਜੇਗਾ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚ ਸ਼ਾਂਤੀ ਕਾਇਮ ਕਰਨ ਲਈ ਇਸ ਨਗਰ ਕੀਰਤਨ ਦੀ ਵੱਡੀ ਭੂਮਿਕਾ ਹੋਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਮੌਕੇ ਕਿਹਾ ਕਿ ਇਸ ਨਗਰ ਕੀਰਤਨ ਦਾ ਬਹੁਤ ਵੱਡਾ ਇਤਿਹਾਸਕ ਮਹੱਤਵ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਬਾਰੇਉਨ੍ਹਾਂ ਨੇ ਪਾਕਿ-ਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਲਿਖਤੀ ਪੱਤਰ ਭੇਜ ਦਿਤਾ ਸੀ ਤੇ ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਨੇ ਜਵਾਬ ਵਿੱਚ ਹਰ ਤਰ੍ਹਾਂ ਸਹਿਯੋਗ ਦੇਣ ਦਾ ਯਕੀਨ ਦਿਵਾਇਆ ਸੀ। ਪਾਕਿਸਤਾਨ ਗਏ ਜਥੇ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਗਿਆਨੀ ਮਾਨ ਸਿੰਘ, ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਸੀਨੀਅਰ ਮੀਤ ਪ੍ਰਧਾਨ ਬੀਬੀ ਰਣਜੀਤ ਕੌਰ, ਪਟਨਾ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿਤ, ਹਜ਼ੂਰ ਸਾਹਿਬ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਮਿਨਹਾਸ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਕਈ ਨੁਮਾਇੰਦੇ, ਸਿੰਘ ਸਭਾਵਾਂ ਦੇ ਆਗੂ ਅਤੇ ਸੰਗਤਾਂ ਸ਼ਾਮਲ ਸਨ। ਸ਼੍ਰੋਮਣੀ ਗੁਰਦੁਆਰਾਪ੍ਰਬੰਧਕ ਕਮੇਟੀ ਵਲੋਂਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਕੱਢਣ ਲਈ ਪਾਕਿ-ਸਤਾਨ ਪਹੁੰਚੇ ਜਥੇ ਦਾ ਗੁਰਦਵਾਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਹੈੱਡ ਗ੍ਰੰਥੀ ਗਿਆਨੀ ਰਣਜੀਤ ਸਿੰਘ, ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ, ਗੁਰਦਵਾਰਾ ਡੇਹਰਾ ਸਾਹਿਬ ਦੇ ਪ੍ਰਬੰਧਕ ਅਜ਼ਹਰ ਅੱਬਾਸ ਨੇ ਸਵਾਗਤ ਕੀਤਾ। ਇਸ ਮੌਕੇ ਸਤਵੰਤ ਸਿੰਘ ਨੇ ਕਿਹਾ ਕਿ ਸਾਡੇ ਲਈ ਇਹ ਬੜੇ ਮਾਣ ਦੀ ਗੱਲ ਹੈ ਕਿ ਅੱਜ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਮਹਾਰਾਸ਼ਟਰ ਕਮੇਟੀ, ਬਿਹਾਰ ਕਮੇਟੀ ਦੇ ਪ੍ਰਧਾਨ ਸਾਹਿਬਾਨ ਅਤੇ ਵੱਖ ਵੱਖ ਧਾਰਮਕ, ਰਾਜਨੀਤਕ ਅਤੇ ਸਿੱਖ ਸੁਸਾਇਟੀਆਂ ਦੇ ਆਗੂ ਸਾਹਿਬਾਨ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਆਏ ਹਨ। ਵਾਹਗਾ ਸਰਹੱਦਤੋਂ ਯਾਤਰੀਆਂ ਨੂੰ ਨਨਕਾਣਾ ਸਾਹਿਬ ਤਕ ਲਿਜਾਣ ਲਈ ਸਪੈਸ਼ਲ ਬਸਾਂ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

## ਬੜੂੰਦੀ ਇਲਾਕਾ ਨਿਵਾਸੀਆਂ ਵੱਲੋਂ ਪਿਕਨਿਕ 4 ਅਗਸਤ ਨੂੰ

ਪਿੰਡ ਬੜੂੰਦੀ ਦੇ ਨਗਰ ਨਿਵਾਸੀਆਂ ਨੂੰ ਬੇਨਤੀ ਹੈ ਕਿ ਇਸ ਵਾਰ ਫਿਰ ਆਪਣੇ ਨਗਰ ਨਿਵਾਸੀ ਰਲ ਮਿਲਕੇ 4 ਅਗਸਤ ਦਿਨ ਐਤਵਾਰ ਨੂੰ ਕੇਲੇਡਨ ਸ਼ਹਿਰ ਵਿੱਚ ਚਾਰਲਜ਼ ਹੇਨਜ਼ ਮੈਮੋਰੀਅਲ ਪਾਰਕ ਜੋ ਕਿ 14190 ਕਰੈਡਿਟ ਵਿਊ ਰੋਡ (ਜਿੱਥੇ ਪਿਛਲੇ ਸਾਲ ਵੀ ਪਿਕਨਿਕ ਦਾ ਆਯੋਜਨ ਕੀਤਾ ਗਿਆ ਸੀ ), ਵਿੱਖੇ ਇਕ ਪਿਕਨਿਕ ਦਾ ਆਯੋਜਨ ਕਰ ਰਹੇ ਹਨ
ਇਹ ਪਿਕਨਿਕ 11 ਵਜੇ ਤੋਂ ਸ਼ਾਮ 6 ਵਜੇ ਤਕ ਚਲੇਗੀ;
ਹਰ ਆਏ ਮਹਿਮਾਨ ਲਈ ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ
ਬੱਚਿਆਂ ਦੇ ਮਨੋਰੰਜਨ ਲਈ ਕਈ ਪ੍ਰਕਾਰ ਦੀਆਂ ਖੇਡਾਂ ਦਾ ਵੀ ਇੰਤਜ਼ਾਮ ਕੀਤਾ ਗਿਆ ਹੈ ; ਸਾਰੇ ਨਿਵਾਸੀਆਂ ਨੂੰ ਬੇਨਤੀ ਹੈ ਕਿ ਇਸ ਪਿਕਨਿਕ ਵਿੱਚ ਸਮੇਂ ਸਿਰ ਸ਼ਾਮਿਲ ਹੋ ਕੇ ਇਸ ਦੀ ਰੌਣਕ ਵਿਚ ਹੋਰ ਵਾਧਾ ਕਰੋ;
ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ :
ਸਰਵਰਿੰਦਰ ਧਾਲੀਵਾਲ (416-371-2232)
ਅਮਰਜੀਤ ਸਿੰਘ ਪੰਨੂ (416-579-1564)

## ਚਰਨਜੀਤ ਸਿੰਘ ਚੱਢਾ ਦੇ ਪੁੱਤਰ ਇੰਦਰਪ੍ਰੀਤ ਦੇ ਸੁਸਾਈਡ ਨੋਟ ਨੂੰ ਹਾਈ ਕੋਰਟ ਵਿੱਚ ਚੁਣੌਤੀ

ਅੰਮ੍ਰਿਤਸਰ, 30 ਜੁਲਾਈ (ਪੋਸਟ ਬਿਊਰੋ)- ਦੇਸ਼ ਵਿੱਚ ਹਾਈ ਪ੍ਰੋਫਾਈਲ ਹੋਟਲ ਕਾਰੋਬਾਰੀਆਂ ਵਿੱਚ ਸ਼ਾਮਲ ਚਰਨਜੀਤ ਸਿੰਘ ਚੱਢਾ ਦੇ ਬੇਟੇ ਇੰਦਰਪ੍ਰੀਤ ਸਿੰਘ ਚੱਡਾ ਦੇ ਖੁਦਕੁਸ਼ੀ ਕੇਸ ਦੋਸ਼ੀਆਂ ਨੇ ਮ੍ਰਿਤਕ ਦੇ ਸੁਸਾਈਡ ਨੋਟ ਨੂੰ ਚੈਲੇਂਜ ਕਰਦੇ ਹੋਏ ਪੁਲਸ ਦੀ ਕਾਰਜ ਪ੍ਰਣਾਲੀ 'ਤੇ ਪ੍ਰਸ਼ਨ ਚਿੰਨ੍ਹ ਲਾਇਆ ਅਤੇ ਸੀ ਬੀ ਆਈ ਜਾਂਚ ਦੀ ਮੰਗ ਕਰਨ ਦੇ ਨਾਲ ਐਸ ਆਈ ਟੀ ਜਾਂਚ ਉੱਤੇ ਵੀ ਹਾਈ ਕੋਰਟ ਵਿੱਚ ਦਰਜ ਪਟੀਸ਼ਨ ਵਿਚ ਸਵਾਲ ਚੁੱਕੇ ਹਨ। ਪਟੀਸ਼ਨ ਕਰਤਾ ਵੀ ਡੀ ਬਮਰਾ ਦੇ ਮੁਤਾਬਕ ਮ੍ਰਿਤਕ ਦੇ ਸੁਸਾਈਡ ਨੋਟ ਦੇ ਆਧਾਰ 'ਤੇ ਤਿੰਨ ਜਨਵਰੀ 2018 ਨੂੰ ਦਰਜ ਐਫ ਆਈ ਆਰ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਸੁਸਾਈਡ ਨੋਟ ਵਿੱਚ ਲਿਖੇ ਨਾਵਾਂ ਵਿੱਚੋਂ ਪੰਜ ਲੋਕਾਂ ਨੂੰ ਖਾਨਾ ਨੰਬਰ ਦੋ ਦੀ ਸੂਚੀ ਵਿੱਚ ਰੱਖ ਕੇ ਕੇਸ ਤੋਂ ਕੱਢ ਦਿੱਤਾ ਗਿਆ, ਜਦ ਕਿ ਅਦਾਲਤ ਵਿੱਚੋਂ ਅਜੇ ਫੈਸਲਾ ਆਉਣਾ ਬਾਕੀ ਹੈ। ਸੁਸਾਈਡ ਨੋਟ ਦੇ ਬਾਅਦ ਪੁਲਸ ਨੇ ਇਹ ਨਾਮ ਐਫ ਆਈ ਆਰ ਵਿੱਚ ਲਿਖੇ ਸਨ, ਪਰ ਵਿਸ਼ੇਸ਼ ਜਾਂਚ ਟੀਮ ਨੇ ਬਿਨਾਂ ਕਿਸ ਆਧਾਰ 'ਤੇ ਮਾਮਲੇ ਤੋਂ ਵੱਖ ਕਰ ਦਿੱਤਾ। ਹਾਈ ਕੋਰਟ ਵਿੱਚ ਅਗਲੀ ਤਰੀਕ ਚਾਰ ਸਤੰਬਰ ਤੈਅ ਕੀਤੀ ਗਈ ਹੈ।

## ਖ਼ਾਲਿਸਤਾਨੀ ਸਮੱਰਥਕ ਚਾਵਲਾ ਨਾਲ ਮਨਜਿੰਦਰ ਸਿੰਘ ਸਿਰਸਾ ਦੀ ਫੋਟੋ ਵਾਇਰਲ

* ਨਗਰ ਕੀਰਤਨ ਤੋਂ ਪਹਿਲਾਂ ਨਵਾਂ ਵਿਵਾਦ ਛਿੜਿਆ



ਨਵੀਂ ਦਿੱਲੀ, 30 ਜੁਲਾਈ, (ਪੋਸਟ ਬਿਊਰੋ)- ਭਾਰਤ-ਵਿਰੋਧੀ ਕੱਟੜ ਪਾਕਿਸਤਾਨੀ ਅੱਤਵਾਦੀ ਹਾਫਿਜ਼ ਸਈਦ ਦੇ ਨੇੜੂ ਅਤੇ ਖ਼ਾਲਿਸਤਾਨ ਸਮੱਰਥਕ ਹੋਣ ਲਈ ਚਰਚਾ ਵਿੱਚ ਰਹਿਣ ਵਾਲੇ ਪਾਕਿਸਤਾਨੀ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਨਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਫੋਟੋ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਨਾਲ ਅੱਜ ਸਿੱਖ ਸਿਆਸਤ ਇੱਕ ਵਾਰ ਫਿਰ ਗਰਮਾ ਗਈ ਹੈ।ਇਸ ਨਾਲ ਉਹ ਵਿਰੋਧੀ ਧਿਰਾਂ ਦੇ ਨਿਸ਼ਾਨੇ ਉੱਤੇ ਆ ਗਏ ਹਨ। ਸਿਰਸਾ ਨੇ ਸਫ਼ਾਈ ਦਿੱਤੀ ਹੈ ਕਿ ਜ਼ਬਰਦਸਤੀ ਫੋਟੋ ਖਿੱਚ ਕੇ ਵਾਇਰਲ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਨਗਰ ਕੀਰਤਨ ਪਾਕਿਸਤਾਨ ਵਿਚਲੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੋਂ ਇੱਕ ਅਗਸਤ ਨੂੰ ਦਿੱਲੀ ਆਉਣਾ ਹੈ। ਇਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਸ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਵਿੱਚ ਦਿੱਲੀ ਵਿੱਚੋਂ ਇਕ ਸਿੱਖ ਜਥਾ ਇਸ ਸੋਮਵਾਰ ਨੂੰ ਪਾਕਿਸਤਾਨ ਗਿਆ ਸੀ। ਓਥੇ ਜਾਂਦੇ ਸਾਰ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਵਿਵਾਦਾਂ ਵਿਚ ਆ ਗਏ। ਅੱਜ ਮੰਗਲਵਾਰ ਨੂੰ ਸੋਸ਼ਲ ਮੀਡੀਆ ਉੱਤੇਗੋਪਾਲ ਸਿੰਘ ਚਾਵਲਾ ਨਾਲ ਉਨ੍ਹਾਂ ਦੀ ਫੋਟੋ ਵਾਇਰਲ ਹੋਣ ਨਾਲ ਉਨ੍ਹਾਂ ਦੀ ਆਲੋਚਨਾ ਸ਼ੁਰੂ ਹੋ ਗਈ ਹੈ। ਮੰਗਲਵਾਰ ਸ਼ਾਮ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਇਕ ਵੀਡੀਓ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਗਈ ਹੈ।

## ਪਾਕਿਸਤਾਨੀ ਫ਼ੌਜ ਦਾ ਜਹਾਜ਼ ਡਿੱਗਣ ਨਾਲ 17 ਲੋਕਾਂ ਦੀ ਮੌਤ



ਇਸਲਾਮਾਬਾਦ, 30 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਦੀ ਫ਼ੌਜ ਦਾ ਇਕ ਜਹਾਜ਼ ਟਰੇਨਿੰਗਦੀ ਉਡਾਣ ਦੌਰਾਨ ਫੌਜੀ ਛਾਉਣੀ ਵਾਲੇ ਸ਼ਹਿਰ ਰਾਵਲਪਿੰਡੀ ਦੇ ਰਿਹਾਇਸ਼ੀ ਖੇਤਰ ਵਿੱਚਡਿੱਗ ਪਿਆ। ਇਸ ਹਾਦਸੇ ਵਿਚ ਦੋ ਪਾਇਲਟਾਂ ਤੇ ਤਿੰਨ ਫ਼ੌਜੀਆਂ ਸਮੇਤ ਘੱਟੋ-ਘੱਟ 17 ਲੋਕਾਂ ਦੀ ਮੌਤ ਹੋ ਗਈ ਅਤੇ 12 ਜ਼ਖ਼ਮੀ ਹੋ ਗਏ।

ਇਸ ਸੰਬੰਧ ਵਿੱਚ ਪਾਕਿਸਤਾਨੀ ਫ਼ੌਜ ਦੇ ਬੁਲਾਰੇ ਨੇ ਦੱਸਿਆ ਹੈ ਕਿ ਇਹ ਜਹਾਜ਼ ਮੋਰਾ ਕਾਲੂ ਪਿੰਡ ਵਿਚ ਹਾਦਸਾਗ੍ਰਸਤ ਹੋ ਜਾਣ ਨਾਲ 12 ਆਮ ਨਾਗਰਿਕਾਂ ਅਤੇ ਚਾਲਕ ਦਲ ਦੇ ਪੰਜ ਮੈਂਬਰਾਂ ਦੀ ਮੌਤ ਹੋ ਗਈ ਤੇ 5-6 ਘਰ ਤਬਾਹ ਹੋ ਗਏ ਹਨ। ਉਨ੍ਹਾਂ ਕਿਹਾ ਕਿ ਦੋ ਪਾਇਲਟ ਸਮੇਤ ਚਾਲਕ ਦਲ ਦੇ ਸਾਰੇ ਪੰਜ ਮੈਂਬਰਾਂ ਦੀ ਮੌਤ ਹੋ ਗਈ ਤੇ 12 ਜ਼ਖ਼ਮੀ ਹੋਏ ਹਨ।ਰਾਵਲਪਿੰਡੀ ਦੇ ਡਿਪਟੀ ਕਮਿਸ਼ਨਰ ਅਲੀ ਰੰਧਾਵਾ ਨੇ ਕਿਹਾ ਕਿ ਹਾਦਸਾ ਸੋਮਵਾਰ ਤੜਕੇ ਢਾਈ ਤੋਂ ਪੌਣੇ ਤਿੰਨ ਵਜੇ ਦੇ ਦਰਮਿਆਨ ਓਦੋਂ ਹੋਇਆ, ਜਦੋਂ ਟਰੇਨਿੰਗ ਫਲਾਈਟਦਾ ਇਕ ਛੋਟਾ ਫ਼ੌਜੀ ਜਹਾਜ਼ ਰਾਵਲਪਿੰਡੀ ਵਿਚ ਡਿੱਗ ਪਿਆ। ਮ੍ਰਿਤਕਾਂ ਤੇ ਜ਼ਖਮੀਆਂ ਨੂੰ ਰਾਵਲਪਿੰਡੀ ਦੇ ਵੱਖ-ਵੱਖ ਹਸਪਤਾਲਾਂ ਵਿਚ ਭਰਤੀ ਕਰਾਇਆ ਗਿਆ ਹੈ ਜਿਥੇ ਡਾਕਟਰਾਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਲੋਕ ਬੁਰੀ ਤਰ੍ਹਾਂ ਸੜ ਚੁੱਕੇ ਹਨ।ਅਧਿਕਾਰੀਆਂ ਮੁਤਾਬਕ ਇਸ ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ, ਪਰ ਰਾਹਤ ਅਤੇ ਬਚਾਅ ਦਾ ਕੰਮ ਸਵੇਰੇ ਤਕ ਪੂਰਾ ਕਰ ਲਿਆ ਸੀ। ਜਹਾਜ਼ ਜਿਸ ਪਿੰਡ ਵਿਚ ਡਿੱਗਾ, ਉਹ ਬਾਹਰੀ ਨਗਰ ਦੇ ਰਿਹਾਇਸ਼ੀ ਇਲਾਕੇ ਨੇੜੇ ਪੈਂਦਾ ਸੀ। ਇਸ ਨਾਲ ਲੱਗੀ ਅੱਗ ਨੇ ਕਈ ਘਰਾਂ ਨੂੰ ਚਪੇਟ ਵਿਚ ਲੈ ਲਿਆ। ਜਹਾਜ਼ ਸੁਰੱਖਿਆ ਦੇ ਪੱਖ ਤੋਂ ਪਾਕਿਸਤਾਨ ਦਾ ਰੀਕਾਰਡ ਬਹੁਤ ਚੰਗਾ ਨਹੀਂ ਹੈ।

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton, Tel: 905 - 460 - 1414
HEAD OFFICE: 905-874-9878
Tol Free: 1-877-799-9878, www.skydomeauto.ca

## ਕੈਪਟਨ ਮੁਤਾਬਕ ਪ੍ਰਿਅੰਕਾ ਕਾਂਗਰਸ ਪ੍ਰਧਾਨ ਬਣਨ ਦੇ ਸਮਰੱਥ

ਚੰਡੀਗੜ੍ਹ, 30 ਜੁਲਾਈ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਿੱਚ ਭਰੋਸਾ ਜ਼ਾਹਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਪ੍ਰਿਅੰਕਾ ਗਾਂਧੀ ਕਾਂਗਰਸ ਦੀ ਪ੍ਰਧਾਨ ਚੁਣੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਚੁਫੇਰਿਓਂ ਸਮਰਥਨ ਮਿਲੇਗਾ। ਮੁੱਖ ਮੰਤਰੀ ਨੇ ਕੱਲ੍ਹ ਇਥੇ ਕਾਂਗਰਸ ਦੀ ਪ੍ਰਧਾਨਗੀ ਤੋਂ ਰਾਹੁਲ ਗਾਂਧੀ ਵੱਲੋਂ ਪਿੱਛੇ ਹਟਣ ਦੇ ਫੈਸਲੇ 'ਤੇ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਭਾਰਤ ਨੌਜਵਾਨਾਂ ਦਾ ਦੇਸ਼ ਹੈ ਅਤੇ ਨੌਜਵਾਨ ਆਗੂ ਹੀ ਇਸ ਦੀ ਅਗਵਾਈ ਕਰਨ ਲਈ ਢੁੱਕਵਾਂ ਹੈ। ਕਾਂਗਰਸੀ ਆਗੂ ਸ਼ਸ਼ੀ ਥਰੂਰ ਦੇ ਬਿਆਨ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਪ੍ਰਿਅੰਕਾ ਗਾਂਧੀ ਪਾਰਟੀ ਦੇ ਮੁਖੀ ਵਜੋਂ ਬਹੁਤਿਆਂ ਦੀ ਪਸੰਦ ਹੋਣਗੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪ੍ਰਿਅੰਕਾ ਗਾਂਧੀ ਪਾਰਟੀ ਦੀ ਵਾਗ ਸੰਭਾਲਣ ਲਈ ਢੁੱਕਵੇਂ ਹਨ, ਪਰ ਫੈਸਲਾ ਕਾਂਗਰਸ ਵਰਕਿੰਗ ਕਮੇਟੀ (ਸੀ ਡਬਲਿਊ ਸੀ) ਉਤੇ ਨਿਰਭਰ ਕਰਦਾ ਹੈ ਜੋ ਕਿ ਇਸ ਕੇਸ ਦਾ ਫੈਸਲਾ ਲੈਣ ਲਈ ਅਧਿਕਾਰਤ ਹੈ। ਮੁੱਖ ਮੰਤਰੀ ਨੇ ਪਹਿਲਾਂ ਵੀ ਪਾਰਟੀ ਦੀ ਵਾਗਡੋਰ ਕਿਸੇ ਨੌਜਵਾਨ ਆਗੂ ਨੂੰ ਸੌਂਪਣ ਦੀ ਵਕਾਲਤ ਕੀਤੀ ਸੀ। ਉਨ੍ਹਾਂ ਦਲੀਲ ਦਿੱਤੀ ਕਿ ਨੌਜਵਾਨ ਆਗੂ ਨੌਜਵਾਨਾਂ ਦੀਆਂ ਖਾਹਿਸ਼ਾਂ ਨੂੰ ਸਮਝ ਤੇ ਉਨ੍ਹਾਂ ਦੀ ਪੂਰਤੀ ਕਰ ਸਕਦਾ ਹੈ। ਇਕ ਸਵਾਲ ਦੇ ਜਵਾਬ ਵਿੱਚ ਕੈਪਟਨ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਹਾਰ ਤੋਂ ਬਾਅਦ ਹਾਲਾਤ ਦੇ ਮੱਦੇਨਜ਼ਰ ਪਾਰਟੀ ਨੂੰ ਮੁੜ ਇਕਜੁੱਟ ਕਰਨ ਲਈ ਸਰਗਰਮ ਨੌਜਵਾਨ ਆਗੂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪ੍ਰਿਅੰਕਾ ਗਾਂਧੀ ਦੇਸ਼ ਦੀਆਂ ਜ਼ਰੂਰਤਾਂ ਨੂੰ ਸਮਝਣ ਅਤੇ ਪੂਰਤੀ ਦੇ ਪੂਰੀ ਤਰ੍ਹਾਂ ਸਮਰੱਥ ਹਨ।

## ਪਾਕਿ ਕਬਜ਼ੇ ਵਾਲੇ ਕਸ਼ਮੀਰ ਵਿੱਚ ਪਣ-ਬਿਜਲੀ ਪ੍ਰਾਜੈਕਟ ਤੋਂ ਲੋਕ ਭੜਕੇ

ਮੁਜ਼ੱਫਰਾਬਾਦ, 30 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਨੀਲਮ-ਜੇਹਲਮ ਪਣਬਿਜਲੀ ਪ੍ਰਾਜੈਕਟ ਕਾਰਨ ਆਮ ਲੋਕਾਂ ਦਾ ਪਾਕਿਸਤਾਨ ਸਰਕਾਰ ਦੇ ਖ਼ਿਲਾਫ ਗੁੱਸਾ ਭੜਕ ਪਿਆ ਹੈ। ਉਨ੍ਹਾਂ ਨੇ ਮੁਜ਼ੱਫਰਾਬਾਦ ਦੀਆਂ ਸੜਕਾਂ ਉੱਤੇ ਉਤਰ ਕੇ ਅੱਜ ਆਪਣਾ ਗੁੱਸਾ ਜ਼ਾਹਿਰ ਕੀਤਾ ਅਤੇ ਪਾਕਿਸਤਾਨ ਵਿਰੋਧੀ ਨਾਅਰੇ ਲਾਏ। ਵਰਨਣ ਯੋਗ ਹੈ ਕਿ ਇਲਾਕੇ ਦੇ ਲੋਕ ਪਹਿਲਾਂ ਤੋਂ ਹੀ ਪਾਕਿਸਤਾਨ ਦੀਆਂ ਵਿਤਕਰੇ ਵਾਲੀਆਂ ਨੀਤੀਆਂ ਨਾਲ ਜੂਝ ਰਹੇ ਹਨ ਤੇ ਉਨ੍ਹਾਂ ਨੂੰ ਇਸ ਪ੍ਰਾਜੈਕਟ ਕਾਰਨ ਪਾਣੀ ਦੀ ਕਮੀ ਨਾਲ ਵੀ ਜੂਝਣਾ ਪੈ ਰਿਹਾ ਹੈ।

ਅੱਜ ਦੇ ਮੁਜ਼ਾਹਰੇ ਦੌਰਾਨ ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਪਣਬਿਜਲੀ ਪ੍ਰਾਜੈਕਟ ਪਾਕਿਸਤਾਨ ਦੇ ਦੂਜੇ ਰਾਜਾਂ ਖ਼ਾਸ ਤੌਰ ਉੱਤੇ ਪੰਜਾਬ ਲਈ ਬਣਾਇਆ ਗਿਆ ਹੈ। ਨੀਲਮ-ਜੇਹਲਮ ਨਦੀਆਂ ਦੇ ਪਾਣੀ ਨੂੰ ਪਣਬਿਜਲੀ ਪਲਾਂਟ ਵੱਲ ਮੋੜ ਦਿੱਤਾ ਗਿਆ ਅਤੇ ਪਾਕਿ ਕਬਜ਼ੇ ਵਾਲੇ ਇਸ ਕਸ਼ਮੀਰੀ ਇਲਾਕੇ ਵਿੱਚ ਪਾਣੀ ਦੀ ਭਾਰੀ ਕਿੱਲਤ ਹੋ ਗਈ ਹੈ। ਆਮ ਲੋਕਾਂ ਦੀਆਂ ਰੋਜ਼ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਹੋ ਰਹੀਆਂ। ਪਾਕਿ ਕਬਜ਼ੇ ਵਾਲੇ ਮਕਬੂਜ਼ਾ ਕਸ਼ਮੀਰ ਵਿੱਚਪਿਛਲੇ ਦੌਰ ਵਿੱਚ ਪਾਣੀ ਦੀ ਕਿੱਲਤ ਦੀ ਸਮੱਸਿਆ ਸ਼ੁਰੂ ਹੋਈ ਹੈ। ਇਸ ਪਣਬਿਜਲੀ ਪ੍ਰਾਜੈਕਟ ਕਾਰਨ ਲੋਕ ਬੇਘਰ ਹੋ ਗਏ ਅਤੇ ਕਈ ਲੋਕਾਂ ਨੂੰ ਪਾਣੀ ਦੀ ਕਿੱਲਤ ਕਾਰਨ ਇਲਾਕਾ ਛੱਡ ਕੇ ਜਾਣਾ ਪੈ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਨੀਲਮ-ਜੇਹਲਮ ਹਾਈਡਰੋ ਪਾਵਰ ਪਲਾਂਟ ਦਾ ਇਹ ਕੰਮ ਅਗਸਤ 2018 ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਦੀ 1500 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਸਮਰੱਥਾ ਹੈ ਤੇ ਏਨਾ ਵੱਡਾ ਪਲਾਂਟ ਸ਼ੁਰੂ ਹੋਣ ਦੇ ਬਾਵਜੂਦ ਇਸ ਕਸ਼ਮੀਰੀ ਇਲਾਕੇ ਨੂੰ ਬਿਜਲੀ ਦੀ ਪੂਰੀ ਸਪਲਾਈ ਨਹੀਂ ਹੁੰਦੀ। ਨੀਲਮ ਤੇ ਜੇਹਲਮ ਨਦੀਆਂ ਉੱਤੇ ਕਈ ਡੈਮ ਬਣਾਉਣ ਦੀ ਪਾਕਿਸਤਾਨ ਸਰਕਾਰ ਦੀ ਯੋਜਨਾ ਕਾਰਨ ਕਸ਼ਮੀਰੀ ਲੋਕਾਂਨੂੰ ਡਰ ਹੈ ਕਿ ਇਸ ਨਾਲ ਵਾਤਾਵਰਣਦਾ ਨੁਕਸਾਨ ਹੋ ਸਕਦਾ ਹੈ। ਇਸੇ ਕਾਰਨ ਸਥਾਨਕ ਲੋਕ ਇਸ ਤਰ੍ਹਾਂ ਦੇ ਪ੍ਰਾਜੈਕਟਉੱਤੇ ਰੋਕ ਲਾਉਣ ਦੀ ਮੰਗ ਕਰ ਰਹੇ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

CHATHAM KENT $85,000
Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very Low Vacancy In The Neighbourhood .

MISSISAUGA $169,900
Photo Not Available
7215 Goreway Dr 70 : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco,LCBO.

BRAMPTON $199,000
25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Potential Money Making Opportunity, Seating For Up To 10 People.

BRAMPTON $229,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

MISSISSAUGA $449,000
Photo Not Available
5100 Erin Mills Pkwy 2E220: Fantastic Franchise Opportunity Of Awaits!! Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable Industrial area. Sales Are 50K / Month

BRAMPTON $129,000
Photo Not Available
10095 Bramalea Rd 104 : Well Established Pizza & Curry Restaurant Very Profitable Business, Open 7 Days Excellent Monthly $ Producing Business. In One Of The Most Sought Out Locations. You Will Not Be Disappointed. Sale $35,000- 40,000

BRAMPTON $189,000
Photo Not Available
8770 The Gore Rd 6: Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic & Great Exposure, Sales Are Over 30K / Month

TORONTO $535,800
Don Mills/Steeles : Live In The Most Sought After Area In A Well Maintained 3 Bedrooms Apartment + Den With All The Conveniences. Best Schools, Arbor Glen Elementary, Highland Secondary & A.Y. Steps To all amenities.

TORONTO $673,800
Lawrence/ Port Union: Well Maintained Recently Renovated 3Br 3Wr, Beautiful House In A Great Location. Huge Kitchen With Brand New Countertop. Walkout To Back Yard, Spacious Bdrms And Mbr With 4 Pc Ensuite. New Laminate In L & D & 3 Brs. Bathrooms Recently Renovated.

BRAMPTON $330,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

TORONTO $569,000
Warden & Steeles : Penthouse Masterpiece! Modern And Spacious. You Won't Find Another Gem Like This In The Area!! Condo Features: Unobstructed View, Large Living Room, Brand New Kitchen Custom Cabinetry, Induction Stove, "High-End" Faucets,

BRAMPTON $639,000
Photo Not Available
50 Lacoste Blvd: Everything Ready To Go. No Need To Spend A Penny. This Comes With Full Improvements Including 8 Station Chairs & 8 Tables. Beautiful Reception Desk. 2 Spa Rooms, Tv, Washer, Fridge And Lots More As Someone Is Running Business In The Leased Premises.

BRANTFORD $499,000
Photo Not Available
639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800
73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $635,000
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000
257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

# ਪਰਾਈਡ ਗਰੁੱਪ ਲੌਜਿਸਟਿਕਸ 'ਕਿੱਡਜ਼ ਹੈਲਪ ਫ਼ੋਨ' ਦਾ ਜਾਗਰੂਕਤਾ-ਭਾਈਵਾਲ ਬਣਿਆ



ਮਿਸੀਸਾਗਾ, (ਡਾ. ਝੰਡ) -ਟਰੱਕਾਂ ਦੀ ਦੁਨੀਆਂ ਵਿਚ ਨਾਮਵਰ ਕੰਪਨੀ 'ਪ੍ਰਾਈਡ ਟਰੱਕ ਲੌਜਿਸਟਿਕਸ' ਨੇ ਲੋੜਵੰਦ ਬੱਚਿਆਂ ਦੀ ਸਹਾਇਤਾ ਲਈ ਕੌਮੀ ਪੱਧਰ 'ਤੇ ਚੱਲ ਰਹੇ ਪ੍ਰੋਗਰਾਮ 'ਕਿੱਡਜ਼ ਹੈੱਲਪ ਫ਼ੋਨ' (ਕੇ.ਐੱਚ.ਪੀ.) ਲਈ ਪੰਜ ਸਾਲਾਂ ਲਈ ਜਾਗਰੂਕਤਾ-ਭਾਈਵਾਲੀ ਦਾ ਐਲਾਨ ਕੀਤਾ ਹੈ। ਇਸ ਪ੍ਰੋਗਰਾਮ ਦਾ ਜਾਗਰੂਕਤਾ-ਭਾਗੀਦਾਰ ਹੋਣ ਦੇ ਨਾਤੇ ਇਹ ਕੰਪਨੀ ਕਿੱਡਜ਼ ਹੈੱਲਪ ਫ਼ੋਨ' ਲਈ ਲੋੜੀਂਦੀ ਵਿੱਤੀ-ਸਹਾਇਤਾ ਪ੍ਰਦਾਨ ਕਰੇਗੀ।

ਇਸ ਪ੍ਰੋਗਰਾਮ ਸਬੰਧੀ ਜਾਗਰੂਕਤਾ ਫ਼ੈਲਾਉਣ ਲਈ ਇਹ ਕੰਪਨੀ ਆਪਣੇ 30 ਨਵੇਂ ਟਰੇਲਰਾਂ ਉੱਪਰ ਇਸ ਆਰਗੇਨਾਈਜ਼ੇਸ਼ਨ 'ਕਿੱਡਜ਼ ਹੈੱਲਪ ਫ਼ੋਨ' ਦਾ ਲੋਗੋ ਛਪਵਾਏਗੀ। ਇਸ ਦੇ ਨਾਲ ਹੀ ਕੰਪਨੀ ਆਪਣੇ ਸਾਰੇ ਟਰੇਲਰਾਂ ਉੱਪਰ ਇਸ ਅਦਾਰੇ ਨਾਲ ਸੰਪਰਕ ਕਰਨ ਲਈ ਫ਼ੋਨ ਨੰਬਰ ਅਤੇ ਹੋਰ ਸਬੰਧਿਤ ਜਾਣਕਾਰੀ ਵੀ ਦੇਵੇਗੀ। ਇਨ੍ਹਾਂ ਦੋਹਾਂ ਅਦਾਰਿਆਂ ਦੇ ਸਟਾਫ਼ ਅਤੇ ਪਰਿਵਾਰਾਂ ਦੇ ਮੈਂਬਰ ਬੀਤੇ ਦਿਨੀਂ ਇਸ ਆਪਸੀ ਭਾਈਵਾਲੀ ਦਾ ਜਸ਼ਨ ਮਨਾਉਣ ਲਈ ਮਿਸੀਸਾਗਾ ਵਿਚ 'ਪਰਾਈਡ ਗਰੁੱਪ ਲੌਜਿਸਟਿਕਸ' (ਪੀ.ਜੀ.ਐੱਲ.) ਦੇ ਹੈੱਡ-ਕੁਆਰਟਰ ਵਿਖੇ ਇਕੱਤਰ ਹੋਏ।

ਇਸ ਮੌਕੇ ਬੋਲਦਿਆਂ ਪੀ.ਜੀ.ਐੱਲ. ਦੀ ਵਾਈਸ ਪ੍ਰੈਜ਼ੀਡੈਂਟ ਅਮਨ ਜੌਹਲ ਨੇ ਕਿਹਾ,"ਕਿੱਡਜ਼ ਹੈੱਲਪ ਫ਼ੋਨ ਨਾਲ ਸਾਡੀ ਇਹ ਭਾਈਵਾਲੀ ਦੂਰ-ਦੁਰਾਢੇ ਦੇ ਬੱਚਿਆਂ, ਟੀਨ-ਏਜਰਾਂ ਤੇ ਬਾਲਗ਼ਾਂ ਨੂੰ ਇਹ ਅਹਿਸਾਸ ਕਰਾਉਣ ਵਿਚ ਸਹਾਈ ਹੋਵੇਗੀ ਕਿ ਦੂਰ ਬੈਠਾ ਉਨ੍ਹਾਂ ਦਾ ਕੋਈ ਆਪਣਾ ਹੈ ਜੋ ਉਨ੍ਹਾਂ ਨੂੰ ਸੁਣ 'ਤੇ ਸਮਝ ਰਿਹਾ ਹੈ।" ਇੱਥੇ ਇਹ ਜ਼ਿਕਰਯੋਗ ਹੈ ਕਿ 'ਕਿੱਡਜ਼ ਹੈੱਲਪ ਫ਼ੋਨ' ਬੱਚਿਆਂ ਅਤੇ ਨੌਜੁਆਨਾਂ ਨੂੰ ਅੰਗਰੇਜ਼ੀ ਅਤੇ ਫ਼ਰੈਂਚ ਦੋਹਾਂ ਭਾਸ਼ਾਵਾਂ ਵਿਚ ਪ੍ਰੋਫ਼ੈਸ਼ਨਲ ਕਾਊਂਸਲਿੰਗ, ਲੋੜੀਂਦੀ ਜਾਣਕਾਰੀ, ਰੈਫ਼ਰਲ ਸੇਵਾਵਾਂ, ਵਾਲੰਟੀਅਰ ਸੇਵਾਵਾਂ ਅਤੇ ਟੈਕਸਟ-ਬੇਸਡ ਸਹਾਇਤਾ ਮੁਹੱਈਆ ਕਰਦੀ ਹੈ।

'ਕੇ.ਐੱਚ.ਪੀ. (ਕਿੱਡਜ਼ ਹੈੱਲਪ ਫ਼ੋਨ) ਦੇ ਐਸੋਸੀਏਟ ਵਾਈਸ-ਪ੍ਰੈਜ਼ੀਡੈਂਟ, ਕਮਿਊਨਿਟੀ ਐਨਗੇਜਮੈਂਟ ਐਂਡ ਮੋਬਿਲਾਈਜ਼ੇਸ਼ਨ ਨੇ ਇਸ ਮੌਕੇ ਕਿਹਾ,"ਕੈਨੇਡਾ-ਭਰ ਵਿਚ ਨੌਜੁਆਨਾਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਅਸੀਂ ਲੋੜ ਪੈਣ 'ਤੇ ਕਿਸੇ ਵੀ ਮੌਕੇ ਚੌਵੀ ਘੰਟੇ ਅਤੇ ਸੱਤੇ ਦਿਨ ਉਪਲੱਭਧ ਹਾਂ। ਅਸੀਂ ਟਰਾਂਸਪੋਰਟ ਨਾਲ ਸਬੰਧਿਤ ਪਹਿਲੀ ਕੰਪਨੀ 'ਪਰਾਈਡ ਗਰੁੱਪ ਲੌਜਿਸਟਿਕਸ' ਦੇ ਆਪਣੇ ਨਾਲ ਜਾਗਰੂਕਤਾ-ਭਾਈਵਾਲ ਬਣਨ 'ਤੇ ਡਾਹਡਾ ਮਾਣ ਮਹਿਸੂਸ ਕਰ ਰਹੇ ਹਾਂ।"

# 'ਬੀਚਜ਼ ਜਾਜ਼ ਰੱਨ' ਵਿਚ ਸੰਜੂ ਗੁਪਤਾ ਦੀ ਹਾਫ਼-ਮੈਰਾਥਨ ਇਸ ਸਾਲ ਦੀ 32'ਵੀਂ ਦੌੜ



ਬਰੈਂਪਟਨ, (ਡਾ. ਝੰਡ) -ਮੈਰਾਥਨ ਰੱਨਰ ਸੰਜੂ ਗੁਪਤਾ ਹਰ ਹਫ਼ਤੇ ਕਿਸੇ ਨਾ ਕਿਸੇ ਲੰਮੀ ਦੌੜ ਵਿਚ ਭਾਗ ਲੈਂਦਾ ਹੈ। ਇਹ ਉਸ ਦਾ ਸ਼ੌਕ ਹੈ ਅਤੇ ਇਸ ਨੂੰ ਪੂਰਾ ਕਰਨ ਲਈ ਉਹ ਦੂਰ-ਦੁਰਾਢੇ ਵੀ ਚੱਕਰ ਮਾਰ ਆਉਂਦਾ ਹੈ। ਉਸ ਨੇ ਹੁਣ ਤੀਕ 15 ਫੁੱਲ ਮੈਰਾਥਨਾਂ, 126 ਹਾਫ਼-ਮੈਰਾਥਨਾਂ ਅਤੇ 132 ਦੇ ਲੱਗਭੱਗ 10 ਕਿਲੋਮੀਟਰ ਦੌੜਾਂ ਵਿਚ ਹਿੱਸਾ ਲਿਆ ਹੈ।

ਏਸੇ ਸਿਲਸਿਲੇ ਵਿਚ ਬੀਤੇ ਐਤਵਾਰ 28 ਜੁਲਾਈ ਨੂੰ ਟੋਰਾਂਟੋ ਦੀ ਬੀਚ 'ਤੇ ਹੋਈ 'ਬੀਚਜ਼ ਜਾਜ਼ ਰੱਨ' ਵਿਚ ਉਤਸ਼ਾਹ ਪੂਰਵਕ ਭਾਗ ਹਿਆ। ਬਿੱਬ ਨੰਬਰ 475 ਨਾਲ ਸੰਜੂ ਗੁਪਤਾ ਵੱਲੋਂ ਦੌੜੀ ਗਈ ਇਹ ਹਾਫ਼-ਮੈਰਾਥਨ ਉਸ ਦੀ ਇਸ ਸਾਲ 2019 ਦੀ 32'ਵੀਂ ਦੌੜ ਸੀ। ਇਸ ਵਿਚ ਦੌੜੇ 545 ਦੌੜਾਕਾਂ ਵਿੱਚੋਂ ਸੰਜੂ ਦਾ 430'ਵਾਂ ਨੰਬਰ ਸੀ, ਜਦ ਕਿ 312 ਮਰਦ ਦੌੜਾਕਾਂ ਵਿੱਚੋਂ ਉਹ 266'ਵੇਂ ਸਥਾਨ 'ਤੇ ਸੀ। ਇਨ੍ਹਾਂ ਦੌੜਾਂ ਵਿਚ ਕਿਸੇ ਵੀ ਸਥਾਨ 'ਤੇ ਆਉਣਾ ਉਸ ਦੇ ਲਈ ਏਨਾ ਮਹੱਤਵ-ਪੂਰਵਕ ਨਹੀਂ ਹੈ ਜਿੰਨਾਂ ਉਸ ਦਾ ਇਨ੍ਹਾਂ ਵਿਚ ਹਿੱਸਾ ਜ਼ਰੂਰੀ ਲੈਣਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸੰਜੂ ਸ਼ੂਗਰ ਦੀ ਬੀਮਾਰੀ 'ਡਾਇਬੇਟੀਜ਼' ਨਾਲ ਪੀੜਤ ਹੈ ਅਤੇ ਇਨ੍ਹਾਂ ਦੌੜਾਂ ਵਿਚ ਸ਼ਾਮਲ ਹੋਣਾ ਉਸ ਨੂੰ ਇਸ ਬੀਮਾਰੀ ਤੋਂ ਕਾਫ਼ੀ ਹੱਦ ਤੀਕ ਰਾਹਤ ਦਿੰਦਾ ਹੈ।

ਬੀ.ਆਰ.ਸੀ.ਰੱਨਰਜ਼ ਕਲੱਬ ਦੀ ਬੀਚਜ਼ ਜਾਜ਼ ਰੱਨ ਇਕ ਸਲਾਨਾ ਸ੍ਰਗਲੀਆ ਦੌੜ ਹੈ ਅਤੇ ਇਸ ਵਿਚ 5 ਕਿਲੋਮੀਟਰ, 10 ਕਿਲੋਮੀਟਰ ਅਤੇ 21 ਕਿਲੋਮੀਟਰ ਹਾਫ਼-ਮੈਰਾਥਨ ਦੌੜਨ ਵਾਲੇ ਭਾਗ ਲੈਂਦੇ ਹਨ। ਇਹ ਦੌੜ ਐਤਵਾਰ ਨੂੰ ਸਵੇਰੇ ਸਵੇਰੇ 7.00 ਵਜੇ ਓਨਟਾਰੀਓ ਲੇਕ ਦੇ ਕਿਨਾਰੇ ਬੀਚ ਤੋਂ ਸ਼ੁਰੂ ਹੋਈ ਅਤੇ ਦੌੜਾਕ ਕੁਈਨ ਸਟਰੀਟ ਦੇ ਪੂਰਬੀ ਪਾਸੇ ਤੋਂ ਹੁੰਦੇ ਹੋਏ ਫਿਰ ਵਾਪਸ ਏਸੇ ਹੀ ਜਗ੍ਹਾ 'ਤੇ ਪਹੁੰਚੇ। ਇਸ ਵਿਚ ਛੋਟੇ, ਵੱਡੇ, ਨੌਜੁਆਨ, ਬਜ਼ੁਰਗ ਹਰੇਕ ਕਿਸਮ ਦੇ ਦੌੜਾਕ ਅਤੇ ਵਾੱਕਰ ਸ਼ਾਮਲ ਸਨ। ਮੌਸਮ ਦਾ ਮਿਜਾਜ਼ ਦਿਨ ਸਮੇਂ ਬਾਹਰ ਭਾਵੇਂ ਕੁਝ ਗਰਮ ਸੀ ਪਰ ਲੇਕ ਦੇ ਕਿਨਾਰਾ ਅਤੇ ਸਵੇਰਾ ਹੋਣ ਕਰਕੇ ਇਹ ਕਾਫ਼ੀ ਖ਼ੁਸ਼ਗੁਆਰ ਹੀ ਮਹਿਸੂਸ ਹੋ ਰਿਹਾ ਸੀ।

# ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਨੇ 'ਕੈਨੇਡਾ ਡੇਅ' ਤੇ 'ਮਲਟੀਕਲਚਰਲ ਡੇਅ' ਮਨਾਇਆ









ਬਰੈਂਪਟਨ, (ਡਾ. ਝੰਡ/ ਹਰਜੀਤ ਬੇਦੀ): ਬੀਤੇ ਐਤਵਾਰ 28 ਜੁਲਾਈ ਨੂੰ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਨੇ ਬਰੈਂਪਟਨ ਦੀਆਂ ਸੀਨੀਅਰ ਕਲੱਬਾਂ ਦੇ ਸਹਿਯੋਗ ਨਾਲ ਕੈਨੇਡਾ ਡੇਅ ਅਤੇ ਮਲਟੀਕਲਚਰਲ ਡੇਅ ਦਾ ਸਾਂਝਾ ਸਮਾਗ਼ਮ ਬਰੈਂਪਟਨ ਸੌਕਰ ਕਲੱਬ ਦੇ ਵਿਸ਼ਾਲ ਹਾਲ ਵਿਚ ਆਯੋਜਿਤ ਕੀਤਾ। ਇਹ ਸਮਾਗ਼ਮ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਉਤਸਵ ਨੂੰ ਸਮੱਰਪਿਤ ਕੀਤਾ ਗਿਆ। ਇਸ ਵਿਚ ਬਰੈਂਪਟਨ ਵਿਚ ਸਰਗ਼ਰਮ ਤਰੀਕੇ ਨਾਲ ਵਿਚਰ ਰਹੀਆਂ ਦੋ ਦਰਜਨ ਤੋਂ ਵਧੀਕ ਸੀਨੀਅਰ ਕਲੱਬਾਂ ਦੇ ਸੈਂਕੜੇ ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਪ੍ਰਬੰਧਕਾਂ ਵੱਲੋਂ ਹਾਜ਼ਰੀਨ ਲਈ ਹਾਲ ਵਿਚ ਲਗਾਈਆਂ ਗਈਆਂ ਸਾਰੀਆਂ ਹੀ ਕੁਰਸੀਆਂ 'ਤੇ ਸਰੋਤੇ ਸੱਜੇ ਹੋਏ ਸਨ। ਹਾਲ ਦੇ ਸੱਜੇ ਪਾਸੇ ਸਾਰੀਆਂ ਸੀਨੀਅਰ ਕਲੱਬਾਂ ਦੇ ਬੈਨਰ ਸਜਾਏ ਗਏ ਸਨ ਅਤੇ ਪਿਛਲੇ ਪਾਸੇ ਚਾਹ-ਪਾਣੀ ਦਾ ਪ੍ਰੋਗਰਾਮ ਚੱਲ ਰਿਹਾ ਸੀ।

ਸਮਾਗ਼ਮ ਦੇ ਆਰੰਭ ਵਿਚ ਕੈਨੇਡਾ ਦੇ ਝੰਡੇ ਨੂੰ ਲਹਿਰਾਉਣ ਅਤੇ ਇਸ ਦੇ ਰਾਸ਼ਟਰੀ-ਗੀਤ 'ਓ-ਕੈਨੇਡਾ' ਦੇ ਗਾਇਨ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਨਿਰਮਲ ਸਿੰਘ ਧਾਰਨੀ ਨੇ ਉੱਘੇ-ਚਿੰਤਕ ਪ੍ਰਿੰਸੀਪਲ ਰਾਮ ਸਿੰਘ ਅਤੇ ਪ੍ਰਸਿੱਧ ਪੰਜਾਬੀ ਲੇਖਕ ਸ. ਪੂਰਨ ਸਿੰਘ ਪਾਂਧੀ ਨੂੰ ਵਾਰੀ-ਵਾਰੀ ਮੰਚ 'ਤੇ ਆਉਣ ਦਾ ਸੱਦਾ ਦਿੱਤਾ। ਜਿੱਥੇ ਪ੍ਰਿੰਸੀਪਲ ਰਾਮ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਅਜੋਕੇ ਸੰਦਰਭ ਵਿਚ ਸਮਝਣ ਅਤੇ ਇਸ ਉੱਪਰ ਅਮਲ ਕਰਨ 'ਤੇ ਜ਼ੋਰ ਦਿੱਤਾ, ਉੱਥੇ ਪੂਰਨ ਸਿੰਘ ਪਾਂਧੀ ਨੇ ਗੁਰੂ ਨਾਨਕ ਦੇਵ ਦੀ ਦੇ ਜਨਮ-ਅਸਥਾਨ 'ਨਨਕਾਣਾ ਸਾਹਿਬ' ਜਿਸ ਦਾ ਪਹਿਲਾ ਨਾਂ 'ਨਾਨਕਿਆਣਾ' ਸੀ ਅਤੇ ਉਸ ਸਮੇਂ ਦੇ ਮੁਸਲਿਮ ਸਥਾਨਕ ਪ੍ਰਬੰਧਕ ਰਾਏ ਬੁਲਾਰ ਜਿਸ ਨੇ ਗੁਰੂ ਨਾਨਕ ਦੀ ਮਹਿਮਾਂ ਨੂੰ ਸਹੀ ਅਰਥਾਂ ਵਿਚ ਪਛਾਣਿਆਂ, ਨੂੰ ਆਪਣੇ ਸੰਬੋਧਨ ਦਾ ਵਿਸ਼ਾ ਬਣਾਇਆ। ਉਨ੍ਹਾਂ ਰਾਏ ਬੁਲਾਰ ਵੱਲੋਂ ਆਪਣੀ 1500 ਮੁਰੱਬੇ ਜ਼ਮੀਨ ਵਿੱਚੋਂ ਅੱਧੀ ਭਾਵ 750 ਮੁਰੱਬੇ ਗੁਰੂ ਨਾਨਕ ਦੇਵ ਜੀ ਦੇ ਨਾਂ ਲਵਾਉਣ ਬਾਰੇ ਵੀ ਦੱਸਿਆ। ਸਮਾਗ਼ਮ ਦੇ ਮੁੱਖ-ਬੁਲਾਰੇ ਡਾ. ਵਰਿਆਮ ਸਿੰਘ ਸੰਧੂ ਨੇ ਗੁਰੂ ਸਾਹਿਬ ਦੇ ਕਾਲੀ-ਵਈਂ ਵਿਚਲੇ ਚਿੰਤਨ-ਰੂਪੀ 'ਇਸ਼ਨਾਨ' ਤੋਂ ਬਾਅਦ ਉਨ੍ਹਾਂ ਦੇ ਮੂੰਹੋਂ ਉਚਾਰੇ ਗਏ ਸ਼ਬਦ "ਨਾ ਹਿੰਦੂ ਨਾ ਮੁਸਲਮਾਨ" ਦੀ ਵਿਆਖਿਆ ਕਰਦਿਆਂ ਹੋਇਆਂ ਦੱਸਿਆ ਕਿ ਗੁਰੂ ਜੀ ਦਾ ਇਸ ਤੋਂ ਭਾਵ ਉਨ੍ਹਾਂ ਦੇ ਹਿੰਦੂ ਜਾਂ ਮੁਸਲਿਮ ਹੋਣ ਤੋਂ ਨਹੀਂ, ਸਗੋਂ ਚੰਗਾ 'ਇਨਸਾਨ' ਹੋਣ ਤੋਂ ਸੀ। ਅਜੋਕੇ ਹਾਲਾਤ ਉੱਪਰ ਕਟਾਖ਼ਸ਼ ਕਰਦਿਆਂ ਕੁਝ ਵਿਅੰਗਾਤਮਿਕ ਸ਼ਬਦਾਂ ਦੀ ਵਰਤੋਂ ਕਰਦਿਆਂ ਹੋਇਆਂ ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਗੁਰੂ ਸਾਹਿਬ ਅੱਜ ਹੁੰਦੇ ਤਾਂ ਉਨ੍ਹਾਂ ਇਹ ਵੀ ਕਹਿ ਦੇਣਾ ਸੀ ਕਿ ਉਹ ਸਿੱਖ ਵੀ ਨਹੀਂ ਹਨ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਹੀ ਅਰਥਾਂ ਵਿਚ ਅਪਨਾਉਣ ਲਈ ਕਿਹਾ।

ਬਰੈਂਪਟਨ ਨੌਰਥ ਦੀ ਪਾਰਲੀਮੈਂਟ ਮੈਂਬਰਾਂ ਰੂਬੀ ਸਹੋਤਾ ਅਤੇ ਸੋਨੀਆ ਸਿੱਧੂ ਨੇ ਪ੍ਰਬੰਧਕਾਂ ਨੂੰ ਇਸ ਸਮਾਗ਼ਮ ਦੀ ਵਧਾਈ ਦਿੰਦਿਆਂ ਹੋਇਆਂ ਆਪਣੀ ਸਰਕਾਰ ਦੀਆਂ ਚਾਰ ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਸੰਖੇਪ ਜ਼ਿਕਰ ਕੀਤਾ ਅਤੇ ਅੱਗੋਂ ਹੋਰ ਮੌਕਾ ਦੇਣ ਦੀ ਗੱਲ ਕਹੀ। ਸਕੂਲ-ਟਰੱਸਟੀ ਬਲਬੀਰ ਸੋਹੀ ਨੇ ਇਸ ਮੌਕੇ ਬੋਲਦਿਆਂ ਹੋਇਆਂ ਸੂਬਾ ਸਰਕਾਰ ਵੱਲੋਂ ਪੀਲ ਰੀਜਨ ਦੇ ਸਕੂਲਾਂ ਉੱਪਰ ਲਗਾਈ ਹੋਈ 'ਕੱਟ' ਦਾ ਵਿਸ਼ੇਸ਼ ਜ਼ਿਕਰ ਕੀਤਾ। ਸਿਟੀ-ਕਾਊਂਸਲਰ ਮਾਈਕਲ ਪਲੈਸ਼ੀ ਨੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਦਾ ਸੁਨੇਹਾ ਪੜ੍ਹ ਕੇ ਸੁਣਾਇਆ। ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਨੇ ਸੀਨੀਅਰਾਂ ਲਈ ਪਹਿਲੀ ਸਤੰਬਰ 2019 ਤੋਂ ਬਰੈਂਪਟਨ ਟਰਾਂਜ਼ਿਟ ਲਈ 15 ਡਾਲਰ ਪ੍ਰਤੀ ਮਹੀਨਾ ਵਾਲੇ ਪਾਸ ਅਤੇ ਜਨਵਰੀ 2020 ਤੋਂ ਬਰੈਂਪਟਨ ਦੀਆਂ ਬੱਸਾਂ ਵਿਚ ਮੁਫ਼ਤ ਟਰਾਂਜ਼ਿਟ-ਸੇਵਾ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਪੀ.ਸੀ.ਪਾਰਟੀ ਦੇ ਐੱਮ.ਪੀ.ਪੀ. ਅਮਰਜੋਤ ਸੰਧੂ, ਐੱਨ.ਡੀ.ਪੀ. ਦੇ ਗੁਰਰਤਨ ਸਿੰਘ ਅਤੇ ਸਿਟੀ ਕਾਂਊਸਲਰ ਹਰਕੀਰਤ ਸਿੰਘ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ। ਗੁਰਰਤਨ ਸਿੰਘ ਨੇ ਬਰੈਂਪਟਨ ਈਸਟ ਤੋਂ ਐੱਮ.ਪੀ. ਲਈ ਉਨ੍ਹਾਂ ਦੀ ਪਾਰਟੀ ਦੇ ਉਮੀਦਵਾਰ ਸਰਨਜੀਤ ਸਿੰਘ ਨੂੰ ਵੀ ਲੋਕਾਂ ਦੇ ਸਾਹਮਣੇ ਪੇਸ਼ ਕੀਤਾ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਕਈ ਹੋਰ ਉਮੀਦਵਾਰ ਵੀ ਇਸ ਸਮੇਂ ਹਾਜ਼ਰ ਸਨ ਪਰ ਪ੍ਰਬੰਧਕਾਂ ਵੱਲੋਂ ਕਿਸੇ ਨੂੰ ਵੀ ਬੋਲਣ ਲਈ ਸਮਾਂ ਨਹੀਂ ਦਿੱਤਾ ਗਿਆ। ਪਤਾ ਨਹੀਂ ਇਹ ਸਮੇਂ ਦੀ ਨਜ਼ਾਕਤ ਸੀ ਜਾਂ ਪ੍ਰਬੰਧਕਾਂ ਦੀ ਪਹਿਲਾਂ ਤੋਂ ਤੈਅ-ਸ਼ੁਦਾ ਪਾਲਿਸੀ ਸੀ। ਹੋ ਸਕਦਾ ਹੈ ਕਿ ਉਹ ਇਸ ਸਮਾਗ਼ਮ ਨੂੰ ਸਿਆਸੀ ਰੰਗਤ ਨਾ ਦੇਣਾ ਚਾਹੁੰਦੇ ਹੋਣ।

ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੇ ਜਨਰਲ ਸਕੱਤਰ ਜੰਗੀਰ ਸਿੰਘ ਸੈਂਹਬੀ ਨੇ ਐਸੋਸੀਏਸ਼ਨ ਦੀਆਂ ਸਾਲ-ਭਰ ਦੀਆਂ ਪ੍ਰਾਪਤੀਆਂ ਅਤੇ ਇਸ ਦੇ ਟੀਚਿਆਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਉਪਰੰਤ, ਪ੍ਰਧਾਨ ਪਰਮਜੀਤ ਸਿੰਘ ਬੜਿੰਗ ਨੇ ਦੱਸਿਆ ਕਿ ਸੀਨੀਅਰ ਕਲੱਬਾਂ ਦੀਆਂ ਵੱਖ-ਵੱਖ ਸਰਗ਼ਰਮੀਆਂ ਅਤੇ ਇਸ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਕੰਮਾਂ ਵਿਚ ਬੜਾ ਫ਼ਰਕ ਹੈ। ਉਨ੍ਹਾਂ ਪਿਛਲੇ ਇਕ ਸਾਲ ਵਿਚ ਐਸੋਸੀਏਸ਼ਨ ਵੱਲੋਂ ਕੀਤੇ ਗਏ ਮੁੱਖ ਕੰਮਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਅਤੇ ਡਾ. ਬਲਜਿੰਦਰ ਸਿੰਘ ਸੇਖੋਂ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ। ਸੁਖਮਿੰਦਰ ਰਾਮਪੁਰੀ, ਸੁਖਦੇਵ ਭਦੌੜ ਤੇ ਅਜਮੇਰ ਪ੍ਰਦੇਸੀ ਨੇ ਆਪਣੇ ਗੀਤਾਂ ਰਾਹੀਂ ਲੋਕਾਂ ਦਾ ਮਨੋਰੰਜਨ ਕੀਤਾ, ਜਦ ਕਿ ਪ੍ਰਿੰਸੀਪਲ ਗਿਆਨ ਸਿੰਘ ਘਈ ਨੇ ਗੁਰੂ ਨਾਨਕ ਦੇਵ ਜੀ ਬਾਰੇ ਆਪਣੀ ਇਕ ਕਵਿਤਾ ਸੁਣਾਈ। ਸਮਾਗ਼ਮ ਦੇ ਅੰਤ ਵੱਲ ਵੱਧਦਿਆਂ ਇਕ ਸਕੂਲ ਦੀਆਂ ਲੜਕੀਆਂ ਵੱਲੋਂ ਬੋਲੀਆਂ ਅਤੇ ਗਿੱਧਾ ਪਾ ਕੇ ਮਾਹੌਲ ਨੂੰ ਰੌਚਕ ਅਤੇ ਜੋਸ਼-ਭਰਪੂਰ ਕੀਤਾ ਗਿਆ। ਇਸ ਸਮਾਗ਼ਮ ਦੌਰਾਨ ਐਸੋਸੀਏਸ਼ਨ ਦੇ ਸਰਗਰ੍ਮ ਮੈਂਬਰ ਪ੍ਰੀਤਮ ਸਿੰਘ ਸਰਾਂ, ਕਰਤਾਰ ਸਿੰਘ ਚਾਹਲ, ਹਰਦਿਆਲ ਸਿੰਘ ਸੰਧੂ, ਸੁਖਦੇਵ ਸਿੰਘ ਗਿੱਲ, ਬਲਵਿੰਦਰ ਸਿੰਘ ਬਰਾੜ, ਅਮਰਜੀਤ ਸਿੰਘ ਕੁਮਰਾ ਤੇ ਹੋਰ ਕਈ ਮੈਂਬਰ ਆਪੋ-ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਨਾਲ ਕਰਦੇ ਹੋਏ ਨਜ਼ਰ ਆਏ। ਪ੍ਰੋਗਰਾਮ ਦੇ ਮੁੱਖ ਹਿੱਸਿਆ ਨੂੰ 'ਜ਼ੀ.ਟੀ.ਵੀ.'ਅਤੇ 'ਚੈਨਲ ਪੰਜਾਬੀ' ਟੀ.ਵੀ. ਦੇ ਪੱਤਰਕਾਰ ਚਮਕੌਰ ਸਿੰਘ ਮਾਛੀਕੇ ਨੇ ਆਪਣੇ ਵੀਡੀਓ ਕੈਮਰੇ ਵਿਚ ਕੈਦ ਕੀਤਾ।


KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ


- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7


# ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ




ਰੈਕਸਡੇਲ, (ਡਾ. ਝੰਡ) -ਸਿੱਖ ਸਪਿਰਿਚੂਅਲ ਸੈਂਟਰ ਰੈਕਸਡੇਲ ਵਿਚ ਚੱਲ ਰਹੀ ਗੁਰੂ ਨਾਨਕ ਅਕੈਡਮੀ ਵਿਚ ਬੀਤੇ ਦਿਨੀਂ ਬੱਚਿਆਂ ਦੇ ਭਾਸ਼ਨ ਮੁਕਾ-ਬਲੇ ਕਰਵਾਏ ਗਏ। ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ-ਉਤਸਵ ਨੂੰ ਸਮੱਰਪਿਤ ਇਨ੍ਹਾਂ ਮੁਕਾਬਲਿਆਂ ਵਿਚ ਸਾਰੇ ਵਰਗਾਂ ਦੇ ਬੱਚਿਆਂ ਨੂੰ ਗੁਰਨਕ ਦੇਵ ਜੀ ਨਾਲ ਸਬੰਧਿਤ ਵਿਸ਼ੇ ਹੀ ਦਿੱਤੇ ਗਏ। ਪਹਿਲੇ ਗਰੁੱਪ ਦੇ 4-6 ਸਾਲ ਦੇ ਬੱਚਿਆਂ ਨੇ ਗੁਰੂ ਨਾਨਕ ਦੇਵ ਜੀ ਦੇ ਉਦੇਸ਼ ਅਤੇ ਸਿੱਖੀ ਦੇ ਮੂਲ ਸਿਧਾਂਤਾਂ ਬਾਰੇ ਬੋਲਣਾ ਸੀ ਅਤੇ ਇਸ ਗਰੁੱਪ ਵਿਚ ਗੁਰਲੀਨ ਕੌਰ ਪਹਿਲੇ ਸਥਾਨ, ਹਰਨੂਰ ਕੌਰ ਦੂਸਰੇ ਅਤੇ ਅਭੀਰੂਪ ਕੌਰ ਤੀਸਰੇ ਸਥਾਨ 'ਤੇ ਰਹੀਆਂ। ਦੂਸਰੇ ਗਰੁੱਪ ਦੇ 7-9 ਸਾਲ ਦੇ ਬੱਚਿਆਂ ਦੇ ਬੋਲਣ ਦਾ ਵਿਸ਼ਾ ਸੀ "ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ" ਅਤੇ ਇਸ ਵਿਚ ਗੋਵਿੰਦਪ੍ਰੀਤ ਸਿੰਘ ਪਹਿਲੇ, ਅਸ਼ਨੀਰ ਕੌਰ ਦੂਸਰੇ ਅਤੇ ਗੁਨੀਤ ਕੌਰ ਤੀਸਰੇ ਨੰਬਰ 'ਤੇ ਰਹੇ।

ਏਸੇ ਤਰ੍ਹਾਂ 10-12 ਸਾਲ ਦੇ ਤੀਸਰੇ ਗਰੁੱਪ ਦੇ ਬੱਚਿਆਂ ਨੂੰ "ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ" ਦਾ ਵਿਸ਼ਾ ਦਿੱਤਾ ਗਿਆ ਸੀ ਅਤੇ ਇਸ ਵਿਚ ਜੋਤ ਸਰੂਪ ਸਿੰਘ ਪਹਿਲੇ, ਅਰਸ਼ਦੀਪ ਕੌਰ ਦੂਸਰੇ ਅਤੇ ਤੀਸਰੇ ਨੰਬਰ ਲਈ ਹਰਮਨਜੋਤ ਕੌਰ ਤੇ ਹਰਮਨਪ੍ਰੀਤ ਕੌਰ ਵਿਚਕਾਰ ਟਾਈ ਸੀ। ਚੌਥੇ ਗਰੁੱਪ ਵਿਚ 13-15 ਸਾਲ ਦੇ ਬੱਚੇ ਸ਼ਾਮਲ ਸਨ ਜਿਨ੍ਹਾਂ ਨੂੰ "ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਸਮੇਂ ਵਿਚ ਮਹੱਤਤਾ" ਦਾ ਵਿਸ਼ਾ ਦਿੱਤਾ ਗਿਆ ਸੀ। ਇਸ ਵਿਚ ਗੁਰਪ੍ਰਤਾਪ ਸਿੰਘ ਪਹਿਲੇ, ਗੁਰਜਾਨ ਸਿੰਘ ਦੂਸਰੇ ਅਤੇ ਮਹਿਕਰੀਤ ਕੌਰ ਤੀਸਰੇ ਸਥਾਨ 'ਤੇ ਰਹੇ।

ਪੰਜਵਾਂ ਆਖ਼ਰੀ ਗਰੁੱਪ 16 ਸਾਲ ਅਤੇ ਇਸ ਤੋਂ ਵਧੇਰੀ ਉਮਰ ਦੇ ਬੱਚਿਆਂ ਲਈ ਸੀ ਅਤੇ ਇਸ ਦਾ ਵਿਸ਼ਾ ਉੱਪਰ ਵਰਨਣ ਚੌਥੇ ਗਰੁੱਪ ਵਾਲਾ ਹੀ ਸੀ। ਇਸ ਵਿਚ ਮੁਨੀਤ ਕੌਰ ਪਹਿਲੇ ਅਤੇ ਕੰਚਨਦੀਪ ਦੂਸਰੇ ਨੰਬਰ 'ਤ ਰਹੇ। ਇਸ ਤਰ੍ਹਾਂ ਇਨ੍ਹਾਂ ਭਾਸ਼ਨ ਮੁਕਾਬਲਿਆਂ ਵਿਚ ਕੁਲ ਮਿਲਾ ਕੇ 40 ਬੱਚਿਆਂ ਨੇ ਭਾਗ ਲਿਆ। ਜਤਿੰਦਰ ਕੌਰ ਚੱਠਾ, ਹਰਜੋਤ ਕੌਰ, ਗੁਰਦੀਪ ਸਿੰਘ ਨਾਗਰਾ ਅਤੇ ਮੇਜਰ ਸਿੰਘ ਨਾਗਰਾ ਨੇ ਇਨ੍ਹਾਂ ਭਾਸ਼ਨ ਮੁਕਾਬਲਿਆਂ ਵਿਚ ਅਕੈਡਮੀ ਲਈ ਜੱਜਮੈਂਟ ਵਿਚ ਬਹੁਤ ਵਧੀਆ ਤਰੀਕੇ ਨਾਲ ਮਦਦ ਕੀਤੀ। ਭਾਸ਼ਨ ਮੁਕਾਬਲਿਆਂ ਦੇ ਇਸ ਸਮਾਗ਼ਮ ਦੀ ਸਫ਼ਲਤਾ ਦਾ ਸਿਹਰਾ ਅਕੈਡਮੀ ਦੇ ਡਾਇਰੈਕਟਰ ਸ. ਬਲਵੰਤ ਸਿੰਘ, ਪ੍ਰਿੰਸੀਪਲ ਕੰਵਲਪ੍ਰੀਤ ਕੌਰ ਅਤੇ ਮਿਹਨਤੀ ਸਟਾਫ਼ ਨੂੰ ਜਾਂਦਾ ਹੈ।

# ਹੁਆਵੇਈ ਤੇ 5 ਜੀ ਬਾਰੇ ਚੋਣਾਂ ਤੋਂ ਪਹਿਲਾਂ ਕੋਈ ਫੈਸਲਾ ਨਹੀਂ ਹੋ ਸਕਦਾ : ਗੁਡੇਲ

...ਪੰਨਾ 1 ਦਾ ਬਾਕੀ

ਇਸ ਦੌਰਾਨ ਗੁਡੇਲ ਨੇ ਆਖਿਆ ਕਿ ਕੈਨੇਡਾ ਇਸ ਸਬੰਧ ਵਿੱਚ ਮੁਲਾਂਕਣ ਕਰੇਗਾ ਕਿ ਦੇਸ਼ ਦੀ ਸ਼ਕਤੀਸ਼ਾਲੀ ਨਵੀਂ 5 ਜੀ ਤਕਨਾਲੋਜੀ ਲਈ ਸਾਜ਼ੋ ਸਮਾਨ ਮੁਹੱਈਆ ਕਰਵਾਉਣ ਲਈ ਕਿਹੜੀ ਕੰਪਨੀ ਬਿਹਤਰ ਰਹੇਗੀ। ਜ਼ਿਕਰਯੋਗ ਹੈ ਕਿ 5 ਜੀ ਤਕਨਾਲੋਜੀ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਲਈ ਰੀੜ੍ਹ ਦੀ ਹੱਢੀ ਮੰਨਿਆ ਜਾ ਰਿਹਾ ਹੈ। ਗੁਡੇਲ ਨੇ ਆਖਿਆ ਕਿ ਕੈਨੇਡਾ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਦੇ ਮੱਦੇਨਜ਼ਰ ਉਨ੍ਹਾਂ ਦੇ ਅਮਰੀਕੀ ਤੇ ਆਸਟਰੇਲੀਆਈ ਹਮਰੁਤਬਾ ਅਧਿਕਾਰੀਆਂ ਵੱਲੋਂ ਇਸ ਮੁੱਦੇ ਉੱਤੇ ਉਨ੍ਹਾਂ ਉੱਤੇ ਦਬਾਅ ਵੀ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰਕਿਰਿਆ ਵਿੱਚ ਸੋਚ ਨਾਲੋਂ ਵੱਧ ਸਮਾਂ ਲੱਗੇਗਾ।

# ਪੂਲ 'ਚ ਕਲੋਰੀਨ ਕੰਟੈਮੀਨੇਸ਼ਨ ਕਾਰਨ ਸੱਤ ਬੱਚਿਆਂ ਨੂੰ ਕਰਵਾਇਆ ਹਸਪਤਾਲ ਦਾਖਲ

...ਪੰਨਾ 1 ਦਾ ਬਾਕੀ

ਮੌਕੇ ਉੱਤੇ ਹੀ 18 ਵਿਅਕਤੀਆਂ ਦੀ ਜਾਂਚ ਕੀਤੀ ਗਈ ਤੇ ਛੇ ਵਿਅਕਤੀਆਂ ਨੂੰ ਬਰਲਿੰਗਟਨ ਦੇ ਲੋਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਇੱਕ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹੈਮਿਲਟਨ ਦੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਹਾਲਟਨ ਪੈਰਾਮੈਡਿਕਸ ਦਾ ਕਹਿਣਾ ਹੈ ਕਿ ਹਸਪਤਾਲ ਵਿੱਚ ਦਾਖਲ ਕਰਵਾਏ ਗਏ ਸਾਰੇ ਦੇ ਸਾਰੇ ਸੱਤ ਮਰੀਜ਼ ਬੱਚੇ ਹੀ ਹਨ। ਬਰਲਿੰਗਟਨ ਸਿਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਪਤਾ ਲੱਗਿਆ ਹੈ ਕਿ ਰੁਟੀਨ ਮੇਨਟੇਨੈਂਸ ਦੌਰਾਨ ਪਾਣੀ ਦਾ ਪੱਧਰ ਹੇਠਾਂ ਚਲਾ ਗਿਆ ਤੇ ਪੂਲ ਵਿੱਚ ਨੌਰਮਲ ਪੱਧਰ ਨਾਲੋਂ ਜ਼ਿਆਦਾ ਕੀਟਾਣੂਨਾਸ਼ਕ ਦਾਖਲ ਹੋ ਗਏ। ਪਰ ਇਹ ਅਜੇ ਵੀ ਤੈਅਸ਼ੁਦਾ ਮਾਤਰਾ ਦੇ ਅੰਦਰ ਹੀ ਸਨ। ਸਿਟੀ ਨੇ ਆਖਿਆ ਕਿ ਉਨ੍ਹਾਂ ਨੂੰ ਪੂਲ ਦੇ ਬੁੱਧਵਾਰ ਸਵੇਰੇ 11:00 ਵਜੇ ਮੁੜ ਖੁੱਲ੍ਹਣ ਦੀ ਆਸ ਹੈ। ਪਰ ਇਸ ਨੂੰ ਉਦੋਂ ਹੀ ਖੋਲ੍ਹਿਆ ਜਾਵੇਗਾ ਜਦੋਂ ਪਾਣੀ ਦੇ ਬਿਲਕੁਲ ਸੇਫ ਹੋਣ ਦੀ ਪੁਸ਼ਟੀ ਕੀਤੀ ਜਾਵੇਗੀ।

# ਕੈਨੇਡੀਅਨ ਅੰਬੈਸੀ ਵੱਲੋਂ ਕੁੱਝ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ ਮੁੜ ਬਹਾਲ

...ਪੰਨਾ 1 ਦਾ ਬਾਕੀ

ਫੈਡਰਲ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਉਹ ਇਹ ਸੇਵਾਵਾਂ ਇਸ ਲਈ ਬਹਾਲ ਕਰ ਰਿਹਾ ਹੈ ਤਾਂ ਕਿ ਬਿਨੈਕਾਰਾਂ ਦੀਆਂ ਅਰਜ਼ੀਆਂ ਉੱਤੇ ਇਸ ਦੇ ਅਸਰ ਨੂੰ ਘਟਾਇਆ ਜਾ ਸਕੇ ਤੇ ਉਨ੍ਹਾਂ ਦੇ ਕੈਨੇਡਾ ਦੇ ਸਫਰ ਨੂੰ ਹੋਰ ਸੁਖਾਲਾ ਬਣਾਇਆ ਜਾ ਸਕੇ। ਸਰਕਾਰ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਕਿਊਬਾ ਵਾਸੀਆਂ ਨੂੰ ਵੀਜਾ ਤੇ ਇਮੀਗ੍ਰੇਸਨ ਸਬੰਧੀ ਦਿੱਤੀਆਂ ਜਾਣ ਵਾਲੀਆਂ ਹੋਰਨਾਂ ਸੇਵਾਵਾਂ ਵਿੱਚ ਸੁਧਾਰ ਲਿਆਉਣ ਲਈ ਵੀ ਹੋਰ ਕਦਮ ਚੁੱਕੇ ਜਾਣਗੇ। ਅੰਬੈਸੀ ਵੱਲੋਂ ਅਜੇ ਵੀ ਕੈਨੇਡੀਅਨ ਪਾਸਪੋਰਟ, ਸਿਟੀਜ਼ਨਸ਼ਿਪ ਤੇ ਪਰਮਾਨੈਂਟ ਰੈਜ਼ੀਡੈਂਟ ਟਰੈਵਲ ਡੌਕਿਊਮੈਂਟ ਐਪਲੀਕੇਸ਼ਨਜ਼ ਦਾ ਸਬੂਤ ਸਵੀਕਾਰਿਆ ਜਾ ਰਿਹਾ ਹੈ। ਸਟੱਡੀ ਤੇ ਵਰਕ ਪਰਮਿਟ ਸੇਵਾਵਾਂ ਮੁਲਤਵੀ ਹੀ ਰਹਿਣਗੀਆਂ।

# ਕਾਰੋਬਾਰੀ ਜੋੜੇ ਦੀ ਹਾਦਸੇ ਵਿੱਚ ਮੌਤ, ਬੇਟਾ ਬਚ ਗਿਆ

ਕਰਤਾਰਪੁਰ, 30 ਜੁਲਾਈ (ਪੋਸਟ ਬਿਊਰੋ)- ਪਿੰਡ ਦਿਆਲਪੁਰ ਨੇੜੇ ਟਰੱਕ ਦੀ ਫੇਟ ਲੱਗਣ ਨਾਲ ਤੇਜ਼ ਰਫਤਾਰ ਕਾਰ ਦੇ ਸੜਕ ਕਿਨਾਰੇ ਖੜ੍ਹੇ ਟੈਂਕਰ ਨਾਲ ਵੱਜਣ ਕਾਰਨ ਉਸ ਵਿੱਚ ਸਵਾਰ ਅੰਮ੍ਰਿਤਸਰ ਦੇ ਕੱਪੜਾ ਵਪਾਰੀ ਤੇ ਉਸ ਦੀ ਪਤਨੀ ਦੀ ਮੌਤ ਹੋ ਗਈ। ਕਾਰ ਚਲਾ ਰਿਹਾ ਉਸ ਦਾ ਬੇਟਾ ਬਚ ਗਿਆ। ਮ੍ਰਿਤਕਾਂ ਦੀ ਪਛਾਣ ਫੁੱਲਾਂਵਾਲਾ ਚੌਕ ਅੰਮ੍ਰਿਤਸਰ ਦੇ ਰਾਜੀਵ ਸੋਢੀ, ਪਤਨੀ ਕ੍ਰਿਤੀ ਸੋਢੀ ਦੇ ਰੂਪ ਵਿੱਚ ਹੋਈ ਹੈ। ਦੋਵੇਂ ਆਪਣੇ ਬੇਟੇ ਹਿਮਾਂਸ਼ੂ ਦੇ ਨਾਲ ਜੈਪੁਰ ਘੁੰਮ ਕੇ ਵਾਪਸ ਅੰਮ੍ਰਿਤਸਰ ਆ ਰਹੇ ਸਨ। ਹਿਮਾਂਸ਼ੂ ਨੇ ਦੱਸਿਆ ਅੰਮ੍ਰਿਤਸਰ ਵਿੱਚ ਰੇਮੰਡਸ ਦਾ ਸ਼ੋਅਰੂਮ ਹੈ।

ਅੰਮ੍ਰਿਤਸਰ ਮੁੜਦੇ ਸਮੇਂ ਸਵੇਰੇ ਜਦੋਂ ਉਨ੍ਹਾਂ ਦੀ ਕਾਰ ਜਲੰਧਰ-ਅੰਮ੍ਰਿਤਸਰ ਹਾਈਵੇ ਉਤੇ ਕਰਤਾਰਪੁਰ ਦੇ ਪਿੰਡ ਦਿਆਲਪੁਰ ਨੇੜੇ ਇੱਕ ਡਾਬੇ ਤੋਂ ਕੁਝ ਦੂਰੀ 'ਤੇ ਪਹੁੰਚੀ ਤਾਂ ਪਿੱਛੋਂ ਆਏ ਇੱਕ ਟਰੱਕ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਇਸ ਦੇ ਬਾਅਦ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਖੜ੍ਹੇ ਕੈਂਟਰ ਨਾਲ ਜਾ ਟਕਰਾਈ। ਅਗਲੀ ਸੀਟ 'ਤੇ ਬੈਠੀ ਮਾਂ ਕ੍ਰਿਤੀ ਦੀ ਮੌਕੇ 'ਤੇ ਮੌਤ ਹੋ ਗਈ, ਜਦ ਕਿ ਪਿਛਲੀ ਸੀਟ 'ਤੇ ਬੈਠੇ ਪਿਤਾ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ। ਇਸ ਹਾਦਸੇ ਵਿੱਚ ਵੈਗਨਾਰ ਕਾਰ ਪੂਰੀ ਤਰ੍ਹਾਂ ਟੈਂਕਰ ਦੇ ਹੇਠਾਂ ਵੜ ਗਈ। ਡਰਾਈਵਰ ਸੀਟ ਦੇ ਨਾਲ ਵਾਲੀ ਸੀਟ ਵਿੱਚ ਬੈਠੀ ਕ੍ਰਿਤੀ ਅਤੇ ਪਿਛਲੀ ਸੀਟ 'ਤੇ ਬੈਠੇ ਰਾਜੀਵ ਬੁਰੀ ਤਰ੍ਹਾਂ ਉਸ ਵਿੱਚ ਫਸ ਗਏ ਸਨ। ਹਾਦਸੇ ਦੇ ਬਾਅਦ ਰਾਹਗੀਰਾਂ ਨੇ ਕਿਸੇ ਤਰ੍ਹਾਂ ਉਸ ਵਿੱਚ ਸਵਾਰ ਤਿੰਨਾਂ ਲੋਕਾਂ ਨੂੰ ਕੱਢਿਆ, ਜਿਸ ਵਿੱਚ ਕ੍ਰਿਤੀ ਦੀ ਮੌਕੇ 'ਤੇ ਮੌਤ ਹੋ ਗਈ ਸੀ।

ਪਰਵਾਰ ਨੇ ਪੁਲਸ ਪ੍ਰਸ਼ਾਸਨ ਤੋਂ ਟਰੱਕ ਚਾਲਕ ਨੂੰ ਫੜਨ ਲਈ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਦੇਖਣ ਦੀ ਮੰਗ ਕੀਤੀ ਹੈ। ਰਾਜੀਵ ਤੇ ਉਸ ਦੀ ਪਤਨੀ ਕੀਰਤੀ ਨੇ ਜਿਊਂਦੇ ਜੀਅ ਆਪਣੀਆਂ ਅੱਖਾਂ ਦਾਨ ਕਰਨ ਦਾ ਸੰਕਲਪ ਲਿਆ ਸੀ। ਹਾਦਸੇ ਵਿੱਚ ਕੀਰਤੀ ਦੀਆਂ ਅੱਖਾਂ ਅਤੇ ਕਾਰਨੀਆਂ ਨੁਕਸਾਨਿਆ ਗਿਆ ਸੀ, ਇਸ ਲਈ ਡਾਕਟਰ ਲਾਚਾਰ ਸਨ। ਉਥੇ ਹੀ ਰਾਜੀਵ ਦੀਆਂ ਅੱਖਾਂ ਅਤੇ ਕਾਰਨੀਆ ਠੀਕ ਸੀ। ਡਾਕਟਰਾਂ ਨੇ ਕਾਰਨੀਆ ਕੱਢ ਕੇ ਆਈ ਬੈਂਕ ਵਿੱਚ ਰੱਖ ਲਿਆ।

# ਹੈਕਰ ਨੇ ਹੈਕ ਕੀਤੀ ਕੈਪੀਟਲ ਵੰਨ ਦੇ 100 ਮਿਲੀਅਨ ਬਿਨੈਕਾਰਾਂ ਦੀ ਜਾਣਕਾਰੀ

...ਪੰਨਾ 1 ਦਾ ਬਾਕੀ

ਪੇਜ ਏ. ਥਾਮਪਸਨ, ਜਿਸ ਨੂੰ ਹੈਂਡਲ ਇਰੈਟਿਕ ਵਜੋਂ ਵੀ ਜਾਣਿਆ ਜਾਂਦਾ ਹੈ, ਨੂੰ ਸੀਆਟਲ ਸਥਿਤ ਯੂਐਸ ਡਿਸਟ੍ਰਿਕਟ ਕੋਰਟ ਵਿੱਚ ਕੰਪਿਊਟਰ ਫਰਾਡ ਤੇ ਅਬਿਊਜ਼ ਦੇ ਇਕਹਿਰੇ ਮਾਮਲੇ ਲਈ ਚਾਰਜ ਕੀਤਾ ਗਿਆ। ਥਾਮਪਸਨ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਉਸ ਨੂੰ ਵੀਰਵਾਰ ਨੂੰ ਹੋਣ ਵਾਲੀ ਨਜ਼ਰਬੰਦੀ ਸਬੰਧੀ ਸੁਣਵਾਈ ਤੱਕ ਹਿਰਾਸਤ ਵਿੱਚ ਹੀ ਰੱਖਣ ਦੇ ਹੁਕਮ ਦਿੱਤੇ ਗਏ।

ਬੈਂਕ ਨੇ ਆਖਿਆ ਕਿ ਹੈਕਰ ਨੇ ਕ੍ਰੈਡਿਟ ਸਕੋਰਜ਼ ਤੇ ਬੈਲੈਂਸਿਜ਼ ਸਮੇਤ ਅਮਰੀਕਾ ਦੇ 140,000 ਕਸਟਮਰਜ਼ ਦੀ ਜਾਣਕਾਰੀ ਹਾਸਲ ਕਰ ਲਈ। ਜਿਹੜੇ ਪ੍ਰਭਾਵਿਤ ਹੋਏ ਹਨ ਉਨ੍ਹਾਂ ਨੂੰ ਮੁਫਤ ਮੌਨੀਟਰਿੰਗ ਸਰਵਿਸਿਜ਼ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਕੈਨੇਡਾ ਵਿੱਚ, ਜਿੱਥੇ ਇਹ ਕੌਸਟਕੋ ਹੋਲਸੇਲ ਕੈਨੇਡੀਅਨ ਰੀਟੇਲ ਨੈੱਟਵਰਕ ਮੁਹੱਈਆ ਕਰਵਾਉਂਦੀ ਹੈ, ਕੈਪੀਟਲ ਵੰਨ ਨੇ ਆਖਿਆ ਕਿ ਇਸ ਮਾਮਲੇ ਵਿੱਚ ਅੰਦਾਜ਼ਨ ਇੱਕ ਮਿਲੀਅਨ ਸੋਸ਼ਲ ਇੰਸ਼ੋਰੈਂਸ ਨੰਬਰਜ਼ ਨਾਲ ਸਮਝੌਤਾ ਕੀਤਾ ਗਿਆ। ਐਫਬੀਆਈ ਨੇ ਸੋਮਵਾਰ ਨੂੰ ਥਾਮਪਸਨ ਦੇ ਘਰ ਉੱਤੇ ਛਾਪਾ ਮਾਰਿਆ ਤੇ ਡਿਜੀਟਲ ਡਿਵਾਈਸਿਜ਼ ਕਾਬੂ ਕੀਤੇ।

# ਜੋਤੀ ਚੌਕ ਦੇ ਮਾਈ ਪਿੱਜ਼ਾ ਸ਼ਾਪ ਉੱਤੇ ਗੋਲੀ ਚੱਲੀ

ਜਲੰਧਰ, 30 ਜੁਲਾਈ (ਪੋਸਟ ਬਿਊਰੋ)- ਥਾਣਾ ਨੰਬਰ ਚਾਰ ਦੀ ਹੱਦ ਵਿੱਚ ਪੈਂਦੇ ਭਗਵਾਨ ਵਾਲਮੀਕਿ ਚੌਕ ਲਾਗੇ ਇਕ ਪਿੱਜ਼ਾ ਸ਼ਾਪ 'ਤੇ ਗੋਲੀ ਚੱਲਣ ਨਾਲ ਸਨਸਨੀ ਫੈਲ ਗਈ।

ਜਾਣਕਾਰੀ ਅਨੁਸਾਰ ਭਗਵਾਨ ਵਾਲਮੀਕਿ ਚੌਕ ਲਾਗੇ ਪੈਂਦੀ ਮਾਈ ਪਿੱਜ਼ਾ ਸ਼ਾਪ 'ਤੇ ਕੱਲ੍ਹ ਸ਼ਾਮ ਕਿਸੇ ਵਿਅਕਤੀ ਨੇ ਬਾਹਰੋਂ ਗੋਲੀ ਚਲਾ ਦਿੱਤੀ, ਜਿਹੜੀ ਦੁਕਾਨ ਦੇ ਸ਼ੀਸ਼ੇ ਉਤੇ ਲੱਗੀ, ਜਿਸ ਨਾਲ ਸ਼ੀਸ਼ਾ ਚਕਨਾਚੂਰ ਹੋ ਗਿਆ ਅਤੇ ਦੁਕਾਨ ਅੰਦਰ ਬੈਠੇ ਗਾਹਕਾਂ ਵਿੱਚ ਭਾਜੜ ਮੱਚ ਗਈ। ਗੋਲੀ ਚੱਲਣ ਦੀ ਸੂਚਨਾ ਮਿਲਦਿਆਂ ਸਾਰ ਏ ਸੀ ਪੀ ਹਰਸਿਮਰਤ ਸਿੰਘ ਥਾਣਾ ਚਾਰ ਦੇ ਮੁਖੀ ਕਮਲਜੀਤ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ। ਮਾਈ ਪਿੱਜ਼ਾ ਸ਼ਾਪ ਦੇ ਮੈਨੇਜਰ ਰਾਜਬੀਰ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਕਿਸੇ ਪਟਾਕੇ ਦੀ ਆਵਾਜ਼ ਸੁਣੀ ਸੀ। ਜਦ ਦੁਕਾਨ ਤੋਂ ਬਾਹਰ ਆਇਆ ਤਾਂ ਉਥੇ ਕੋਈ ਵੀ ਵਿਅਕਤੀ ਮੌਜੂਦ ਨਹੀਂ ਸੀ, ਪਰ ਦੁਕਾਨ ਦਾ ਸ਼ੀਸ਼ਾ ਟੁੱਟਾ ਹੋਇਆ ਸੀ। ਪੁਲਸ ਵੱਲੋਂ ਉਥੇ ਲਾਗੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਚੈਕ ਕੀਤੀ ਗਈ, ਪਰ ਕਿਸੇ ਕੈਮਰੇ ਵਿੱਚ ਨਾ ਗੋਲੀ ਚੱਲਣ ਦੀ ਪੁਸ਼ਟੀ ਹੋਈ ਅਤੇ ਨਾ ਕੋਈ ਵਿਅਕਤੀ ਉਥੋਂ ਭੱਜਦਾ ਹੋਇਆ ਦਿਖਾਈ ਦਿੱਤਾ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਏ ਸੀ ਪੀ ਹਰਸਿਮਰਤ ਸਿੰਘ ਨੇ ਦੱਸਿਆ ਕਿ ਮੌਕੇ 'ਤੇ ਕੀਤੀ ਜਾਂਚ ਵਿੱਚ ਇਹੋ ਜਿਹੀ ਕੋਈ ਗੱਲ ਸਾਹਮਣੇ ਨਹੀਂ ਆਈ, ਜਿਸ ਨਾਲ ਲੱਗਦਾ ਹੋਵੇ ਕਿ ਉਥੇ ਗੋਲੀ ਚੱਲੀ ਹੈ। ਉਨ੍ਹਾਂ ਦੱਸਿਆ ਕਿ ਫਿਰ ਵੀ ਪੁਲਸ ਮਾਮਲੇ ਦੀ ਤਹਿ ਤੱਕ ਪਹੁੰਚਣ ਲਈ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

# ਮਾਮੂਲੀ ਤਕਰਾਰ ਪਿੱਛੋਂ ਇੱਕ ਵਿਅਕਤੀ ਦਾ ਕਤਲ

ਸੁਨਾਮ, 30 ਜੁਲਾਈ (ਪੋਸਟ ਬਿਊਰੋ)- ਪਿੰਡ ਛਾਜਲੀ ਵਿਖੇ ਦੋ ਜਣਿਆਂ ਦੇ ਮਾਮੂਲੀ ਝਗੜੇ ਪਿੱਛੋਂ ਚਾਕੂ ਨਾਲ ਹਮਲਾ ਕਰ ਕੇ ਸਤਗੁਰ ਸਿੰਘ ਨਾਮੀ ਵਿਅਕਤੀ ਦਾ ਕਤਲ ਕਰ ਦੇਣ ਦਾ ਪਤਾ ਲੱਗਾ ਹੈ। ਇਸ ਬਾਰੇ ਥਾਣਾ ਛਾਜਲੀ ਦੇ ਐੱਸ ਐੱਚ ਓ ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਹੈ ਕਿ ਮ੍ਰਿਤਕ ਸਤਗੁਰ ਸਿੰਘ ਦੇ ਭਰਾ ਭਾਗ ਸਿੰਘ ਉਰਫ ਭਾਨਾ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕਿਹਾ ਕਿ ਸਤਗੁਰ ਸਿੰਘ ਅਤੇ ਬਿੱਟੂ ਸਿੰਘ ਵਿਚਾਲੇ ਇੱਕ ਦਿਨ ਪਹਿਲਾਂ ਆਪਸ ਵਿੱਚ ਤੂੰ-ਤੂ, ਮੈਂ ਮੈਂ ਹੋ ਗਈ ਸੀ ਜਿਸ ਕਾਰਨ ਰਾਤ ਨੂੰ ਫਿਰ ਕਰੀਬ ਸਾਢੇ ਨੌਂ ਵਜੇ ਆਪਸ ਵਿੱਚ ਝਗੜ ਪਏ। ਉਨ੍ਹਾਂ ਕਿਹਾ ਕਿ ਬਿੱਟੂ ਸਿੰਘ, ਜੋ ਕਿਸੇ ਸੈਲਰ ਵਿੱਚ ਪੱਲੇਦਾਰੀ ਕਰਦਾ ਹੈ, ਨੇ ਸਤਗੁਰ ਸਿੰਘ 'ਤੇ ਚਾਕੂ ਨਾਲ ਵਾਰ ਕਰ ਦਿੱਤਾ। ਪੁਲਸ ਵੱਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਡਾਕਟਰੀ ਸਿੱਖਿਆ ਅਤੇ ਇਲਾਜ ਲਈ ਸੰਸਾਰ ਵਿਚ ਅਦਾਨ-ਪ੍ਰਦਾਨ ਜ਼ਰੂਰੀ : ਨੱਥੋਵਾਲ



ਲੁਧਿਆਣਾ, 30 ਜੁਲਾਈ (ਗਿਆਨ ਸਿੰਘ): ਕਿਸੇ ਵੀ ਦੇਸ਼ ਦੀ ਤਰੱਕੀ ਲਈ ਇਹ ਬਹੁਤ ਜਰੂਰੀ ਹੈ ,ਕਿ ਸਮੇਂ ਦੇ ਹਾਣੀ ਬਣਕੇ ਤੁਰਿਆ ਜਾਵੇ, ਜਿਹੜਾ ਦੇਸ਼ ਜਾਂ ਵਿਅਕਤੀ ਸਮੇਂ ਦੇ ਨਾਲ ਨਹੀਂ ਚਲੇਗਾ ,ਉਹ ਦੂਸਰਿਆਂ ਨਾਲੋਂ ਪੱਛੜ ਜਾਵੇਗਾ।' ਇਹ ਵਿਚਾਰ ਪ੍ਰਭਦੀਪ ਸਿੰਘ ਨੱਥੋਵਾਲ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਲੁਧਿਆਣਾ ਨੇ ਭਾਰਤ ਅਤੇ ਚੀਨ ਸਰਕਾਰ ਵਿਚਾਲੇ ਡਾਕਟਰੀ ਇਲਾਜ ਅਤੇ ਡਾਕਟਰੀ ਸਿੱਖਿਆ ਸਬੰਧੀ ਹੋਏ ਸਮਝੌਤੇ ਤਹਿਤ ਕੋਟਨਿਸ ਹਸਪਤਾਲ ਵਿਚ ਐਕੂਪੰਕਚਰ ਇਲਾਜ ਪ੍ਰਣਾਲੀ ਅਤੇ ਸਿੱਖਿਆ ਸਬੰਧੀ ਚਲ ਰਹੀ 10 ਰੋਜ਼ਾ ਕੌਮਾਂਤਰੀ ਪੱਧਰ ਦੀ ਕਾਰਜ਼ਸ਼ਾਲਾ ਦੇ ਅਖੀਰਲੇ ਦਿਨ ਡੇਲੀਗੇਟਸ ਅਤੇ ਚੀਨੀ ਐਕੂਪੰਕਚਰ ਮਾਹਿਰਾਂ ਨੂੰ ਸਰਟੀਫਿਕੇਟ ਵੰਡਣ ਅਤੇ ਸਨਮਾਨਿਤ ਕਰਨ ਲਈ ਕਰਵਾਏ ਗਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਨੱਥੋਵਾਲ ਨੇ ਅੱਗੇ ਕਿਹਾ ਕਿ ਦੋਵੇਂ ਦੇਸ਼ਾਂ ਵਿਚਾਲੇ ਹੋਏ ਸਮਝੌਤੇ ਤਹਿਤ ਚੀਨ ਵਿਚ ਯੋਗਾ ਨੂੰ ਜਦੋਂ ਕਿ ਭਾਰਤ ਵਿਚ ਐਕੂਪੰਕਚਰ ਨੂੰ ਪ੍ਰਫੁਲਤ ਕਰਨਾ ਇਕ ਵਧੀਆ ਕਦਮ ਹੈ ,ਕਿਉਂਕਿ ਦੋਵੇਂ ਇਲਾਜ ਪ੍ਰਣਾਲੀ ਜਿਥੇ ਸਸਤੀਆਂ ਹਨ ,ਉਥੇ ਪ੍ਰਭਾਵਸ਼ਾਲੀ ਵੀ ਹੈ ,ਦੋਵੇਂ ਇਲਾਜ ਵਿਧੀਆਂ ਨੂੰ ਅਪਣਾਕੇ ਅਸੀਂ ਤੰਦਰੁਸਤ ਜੀਵਨ ਬਤੀਤ ਕਰ ਸਕਦੇ ਹਾਂ। ਇਸ ਮੌਕੇ ਉਨ੍ਹਾਂ ਕਿਹਾ ਕਿ ਐਕੂਪੰਕਚਰ ਇਲਾਜ ਪ੍ਰਣਾਲੀ ਵਿਚ ਹਰ ਗੰਭੀਰ ਤੋਂ ਗੰਭੀਰ ਬਿਮਾਰੀ ਦਾ ਇਲਾਜ ਸੰਭਵ ਹੈ। ਇਸ ਮੌਕੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਹਸਪਤਾਲ ਦੇ ਮੁੱਖ ਪ੍ਰਬੰਧਕ ਅਤੇ ਕਾਰਜ਼ਸ਼ਾਲਾ ਦੇ ਕੋਆਰਡੀਨੇਟਰ ਡਾ: ਇੰਦਰਜੀਤ ਸਿੰਘ ਢੀਂਗਰਾ ਨੇ ਸੰਬੋਧਨ ਕਰਦਿਆਂ ਇਸ ਕਾਰਜ਼ਸ਼ਾਲਾ ਵਿਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚੋਂ 70 ਡੇਲੀਗੇਟਸ/ਡਾਕਟਰਾਂ ਨੇ ਹਿੱਸਾ ਲਿਆ ਅਤੇ ਐਕੂਪੰਕਚਰ ਇਲਾਜ ਪ੍ਰਣਾਲੀ ਦੀਆਂ ਬਾਰੀਕੀਆਂ ਨੂੰ ਗ੍ਰਹਿਣ ਕੀਤਾ । ਉਨ੍ਹਾਂ ਅੱਗੇ ਦੱਸਿਆ ਕਿ ਚੀਨ ਸਰਕਾਰ ਵਲੋਂ ਭਾਰਤੀ ਡਾਕਟਰਾਂ ਨੂੰ ਐਕੂਪੰਕਚਰ ਇਲਾਜ ਪ੍ਰਣਾਲੀ ਸਬੰਧੀ ਜਾਣਕਾਰੀ ਦੇਣ ਲਈ 7ਚੀਨੀ ਡਾਕਟਰਾਂ ਨੂੰ ਕਾਰਜਸ਼ਾਲਾ ਵਿਚ ਭੇਜਿਆ ਗਿਆ ਸੀ। ਇਸ ਮੌਕੇ ਸਮਾਗਮ ਵਿਚ ਵਿਸ਼ੇਸ਼ ਤੌਰ'ਤੇ ਪਹੁੰਚੇ ਏ.ਆਈ.ਜੀ ਇਕਬਾਲ ਸਿੰਘ ਗਿੱਲ ਨੇ ਵੀ ਆਪਣੇ ਵਿਚਾਰ ਰੱਖੇ ਅਤੇ ਹਰੇਕ ਡਾਕਟਰ ਨੂੰ ਸੰਸਾਰ ਪੱਧਰ ਤੇ ਹੋ ਰਹੀਆਂ ਨਵੀਆਂ ਡਾਕਟਰੀ ਖੋਜਾਂ / ਵਿਧੀਆਂ /ਦਵਾਈਆਂ ਬਾਰੇ ਜਣਕਾਰੀ ਰੱਖਣ ਤੇ ਜੋਰ ਦਿੱਤਾ । ਇਸ ਮੌਕੇ ਡਾ: ਨੇਹਾ ਢੀਂਗਰਾ, ਡਾ: ਸੰਦੀਪ ਚੋਪੜਾ, ਡਾ: ਰਘਬੀਰ ਸਿੰਘ ਅਤੇ ਡਾ: ਚੇਤਨਾ ਨੇ ਵੀ ਆਪਣੇ ਵਿਚਾਰ ਰੱਖੇ ।

# ਨਵਜੀਤ ਕੌਰ ਵੱਲੋਂ ਕੈਨੇਡਾ 'ਚ ਨਵਾਂ ਇਤਿਹਾਸ ਸਿਰਜਣ ਦੀ ਤਿਆਰੀ



ਬਰੈਂਪਟਨ, (ਡਾ. ਝੰਡ) -ਬੀਤੇ ਹਫ਼ਤੇ 21 ਜੁਲਾਈ ਨੂੰ ਬੋਵੇਰਡ ਬੈਂਕੁਇਟ ਹਾਲ ਵਿਚ ਬਰੈਂਪਟਨ ਵਿਚ ਫ਼ੈਡਰਲ ਚੋਣ ਲਈ ਐਲਾਨੇ ਗਏ ਉਮੀਦਵਾਰਾਂ ਸਬੰਧੀ ਹੋਏ ਭਰਪੂਰ ਸਮਾਗ਼ਮ ਵਿਚ ਹਾਜ਼ਰ ਲੋਕਾਂ ਦੀਆਂ ਅੱਖਾਂ ਦਸਤਾਰਧਾਰੀ ਸਿੱਖ ਔਰਤ ਨਵਜੀਤ ਕੌਰ 'ਤੇ ਟਿਕੀਆਂ ਰਹੀਆਂ ਜੋ ਅਕਤੂਬਰ ਮਹੀਨੇ ਹੋਣ ਵਾਲੀਆਂ ਫ਼ੈੱਡਰਲ ਚੋਣਾਂ ਵਿਚ ਬਰੈਂਪਟਨ ਵੈੱਸਟ ਤੋਂ ਮੈਂਬਰ ਪਾਰਲੀਮੈਂਟ ਲਈ ਐੱਨ.ਡੀ.ਪੀ. ਦੇਂ ਉਮੀਦਵਾਰ ਵਜੋਂ ਚੋਣ ਲੜ ਰਹੀ ਹੈ।

ਇਸ ਤੋਂ ਪਹਿਲਾਂ ਐੱਨ.ਡੀ.ਪੀ. ਦੇ ਨੇਤਾ ਜਗਮੀਤ ਸਿੰਘ ਨੇ ਕੈਨੇਡਾ ਦੇ ਇਤਿਹਾਸ ਵਿਚ ਪਹਿਲਾ ਦਸਤਾਰਧਾਰੀ ਸਿੱਖ ਹੋਣ ਦੇ ਨਾਤੇ ਕੈਨੇਡਾ ਦੀ ਮੁੱਖ ਰਾਜਨੀਤਕ ਪਾਰਟੀ ਦਾ ਆਗੂ ਬਣ ਕੇ ਇਸ ਦੇਸ਼ ਵਿਚ ਨਵਾਂ ਇਤਿਹਾਸ ਸਿਰਜਣ ਦਾ ਮਾਣ ਹਾਸਲ ਕੀਤਾ ਸੀ। ਨਵਜੀਤ ਹੁਣ ਆਪਣੇ ਹੀ ਢੰਗ ਨਾਲ ਇਸ ਵਿਚ ਹੋਰ ਵਾਧਾ ਕਰ ਰਹੀ ਹੈ। ਕਮਿਊਨਿਟੀ ਵਿਚ ਇਸ ਸਬੰਧੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਕਿਉਂਕਿ ਲੋਕ ਨਵਜੀਤ ਕੌਰ ਨੂੰ ਕੈਨੇਡਾ ਦੀ ਪਹਿਲੀ ਦਸਤਾਰਧਾਰੀ ਮੈਂਬਰ ਪਾਰਲੀਮੈਂਟ ਵਜੋਂ ਵੇਖਣਾ ਚਾਹੁੰਦੇ ਹਨ।

ਯੂਨੀਵਰਸਿਟੀ ਆਫ਼ ਟੋਰਾਂਟੋ ਅਤੇ ਨਿਪਿਸਿੰਗ ਯੂਨੀਵਰਸਿਟੀ ਦੀ ਵਿਦਿਆਰਥਣ ਰਹਿ ਚੁੱਕੀ ਨਵਜੀਤ ਇਸ ਸਮੇਂ ਬਰੈਂਪਟਨ ਸਿਵਿਕ ਹਸਪਤਾਲ ਵਿਖੇ ਰੈਸਪੀਰੇਟਰੀ ਥੈਰੇਪਿਸਟ ਦੇ ਤੌਰ 'ਤੇ ਕੰਮ ਕਰ ਰਹੀ ਹੈ। ਉਹ ਦੋ ਬੱਚਿਆਂ ਦੀ ਮਾਂ ਹੈ ਅਤੇ ਆਪਣਾ ਪਰਿਵਾਰਿਕ ਜੀਵਨ ਸਫ਼ਲਤਾ-ਪੂਰਵਕ ਚਲਾ ਰਹੀ ਹੈ। ਟੈਕਸੀ ਡਰਾਈਵਰ ਅਤੇ ਇਕ ਫ਼ੈਕਟਰੀ ਵਿਚ ਕੰਮ ਕਰਨ ਵਾਲੇ ਕਾਮੇ ਦੀ ਧੀ ਹੋਣ ਦੇ ਨਾਤੇ ਨਵਜੀਤ ਵਰਕਿੰਗ ਕਲਾਸ ਦੀਆਂ ਸਮੱਸਿਆਵਾਂ ਨੂੰ ਬਾਖ਼ੂਬੀ ਸਮਝਦੀ ਹੈ। ਬਰੈਂਪਟਨ ਦੀ ਜੰਮ-ਪਲ ਨਵਜੀਤ ਆਪਣੀ ਕਮਿਊਨਿਟੀ ਦੀ ਕੌਮੀ ਪੱਧਰ 'ਤੇ ਨੁਮਾਂਇੰਦਗੀ ਕਰਨਾ ਚਾਹੁੰਦੀ ਹੈ।

ਰਾਜਨੀਤੀ ਦੇ ਖ਼ੇਤਰ ਜਿੱਥੇ ਪੁਰਸ਼ਾਂ ਦਾ ਬੋਲਬਾਲਾ ਹੈ, ਵਿਚ ਦ੍ਰਿੜ ਇਰਾਦੇ ਅਤੇ ਆਜ਼ਾਦ ਖ਼ਿਆਲਾਂ ਵਾਲੀ ਦਸਤਾਰਧਾਰੀ ਔਰਤ ਨਵਜੀਤ ਕੌਰ ਇਸ ਵਾਰ ਦੇਸ਼ ਦੇ ਪਾਰਲੀਮੈਂਟ ਮੈਂਬਰਾਂ ਦੀ ਚੋਣ ਦੀ ਦੌੜ ਵਿਚ ਸ਼ਾਮਲ ਹੋਈ ਹੈ। 21 ਜੁਲਾਈ ਨੂੰ ਬੋਵੇਰਡ ਬੈਂਕੁਇਟ ਹਾਲ ਵਿਚ ਪਾਰਟੀ ਵਰਕਰਾਂ ਅਤੇ ਸਮੱਰਥਕਾਂ ਦੇ ਹੋਏ ਇਕ ਭਰਵੇਂ ਸਮਾਗ਼ਮ ਵਿਚ ਉਸ ਦੇ ਨਾਂ ਦਾ ਐਲਾਨ ਐੱਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਵੱਲੋਂ ਬਰੈਂਪਟਨ ਵੈੱਸਟ ਵਿੱਚੋਂ ਮੈਂਬਰ ਪਾਰਲੀਮੈਂਟ ਲਈ ਐੱਨ.ਡੀ.ਪੀ. ਉਮੀਦਵਾਰ ਵਜੋਂ ਕੀਤਾ ਗਿਆ ਹੈ।


# ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਦੇ ਸੰਬੰਧ 'ਚ ਪ੍ਰੋਗਰਾਮ 4 ਅਗਸਤ ਨੂੰ

(ਬਰੈਂਪਟਨ/ ਬਾਸੀ ਹਰਚੰਦ): ਪੰਜਾਬੀ ਸੱਭਿਆਚਾਰ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ ਨੇ ਦੱਸਿਆ ਕਿ ਭਾਰਤ ਵਤਨ ਦੀ ਅਜ਼ਾਦੀ ਲਈ ਕੀਮਤੀ ਜਾਨ ਵਾਰਨ ਵਾਲੇ, ਲੋਕ ਹੱਕਾਂ ਲਈ ਕੁਰਬਾਨ ਹੋਣ ਵਾਲੇ ਸੂਰਬੀਰ ਸ਼ਹੀਦ ਸ: ਊਧਮ ਸਿੰਘ ਦਾ ਸ਼ਹੀਦੀ ਦਿਨ ਮਨਾਉਣਾ ਭਾਰਤ ਵਾਸੀਆਂ ਲਈ ਪਵਿਤਰ ਫਰਜ਼ ਹੈ ਸੋ ਪੰਜਬੀ ਸੱਭਿਆਚਾਰ ਮੰਚ ਵੱਲੋਂ ਸੂਰਬੀਰ ਦਾ ਸ਼ਹੀਦੀ ਦਿਨ 4 ਅਗਸਤ ਦਿਨ ਐਤਵਾਰ ਨੂੰ ਫਰੈਡਰਿਕ ਬੈਂਟਿੰਗ ਇੰਟਰਨੇਸ਼ਨਲ ਸਕੂਲ 21 ਕਵੈਂਟਰੀ ਰੋਡ ਬਰੈਂਪਟਨ ਵਾਲਮਾਰਟ ਦੀ ਬੈਕ ਤੇ ਮਨਾਇਆ ਜਾਏਗਾ। ਇਸ ਪ੍ਰੋਗਰਾਮ ਦਾ ਸਮਾਂ 2-00 ਵਜੇ ਤੋਂ 6-00 ਵਜੇ ਤੱਕ ਹੋਵੇਗਾ। ਸੋ ਸੱਭ ਸਰਗਰਮ ਸੰਸਥਾਵਾਂ,ਬੁਧੀਜੀਵੀਆਂ,ਆਮ ਲੋਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਉ ਰਲ ਮਿਲ ਕੇ ਭਾਰਤ ਦੇਸ ਤੋਂ ਕੁਰਬਾਨ ਹੋਣ ਵਾਲੇ ਲੋਕਾਂ ਦੀ ਯਾਦ ਨੂੰ ਤਾਜਾ ਕਰੀਏ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੇ ਲੋਕਾਂ ਦੇ ਸੁਨੇਹੇ ਨੂੰ ਅੱਗੇ ਵਧਾਉਣ ਵਿੱਚ ਸਹਿਯੋਗ ਦੇਈਏ। ਹੋਰ ਜਾਣਕਾਰੀ ਲਈ ਫੋਨ ਨੰਬਰ ਬਲਦੇਵ ਸਿੰਘ ਸਹਿਦੇਵ 647-328-7045 ਪ੍ਰਧਾਨ ਸੁਖਦੇਵ ਸਿੰਘ ਸਕੱਤਰ 647-298-7250 ਸੁਰਿੰਦਰ ਸਿੰਘ ਗਿੱਲ 905-460-5544 ਹਰਚੰਦ ਸਿੰਘ ਬਾਸੀ 647-786-9502 ਦਰਸ਼ਨ ਸਿੰਘ ਭੌਰਾ 905-487-1113
















# ਤਰਕਸ਼ੀਲ ਸੁਸਾਇਟੀ ਵਲੋਂ ਇਨਕਲਾਬੀ, ਤਰਕਸ਼ੀਲ ਅਤੇ ਲੋਕ-ਪੱਖੀ ਗਾਇਕ ਜਗਸ਼ੀਰ ਜੀਦਾ ਨਾਲ ਰੂਬਰੂ





( ਹਰਜੀਤ ਬੇਦੀ): ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਪਿਛਲੇ ਦਿਨੀਂ ਬਹੁਤ ਹੀ ਥੋੜੇ ਸਮੇਂ ਲਈ ਟੋਰਾਂਟੋ ਪਹੁੰਚੇ ਇਨਕਲਾਬੀ ਅਤੇ ਤਰਕਸ਼ੀਲ ਲੋਕ-ਪੱਖੀ ਗਾਇਕ ਅਤੇ ਲੇਖਕ ਜਗਸ਼ੀਰ ਜੀਦਾ ਨਾਲ ਵਿਸ਼ੇਸ਼ ਯਤਨ ਕਰ ਕੇ ਰੂਬਰੂ ਪਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਸੁਸਾਇਟੀ ਦੇ ਮੁੱਖ ਕੁਆਰਡੀਨੇਟਰ ਨਾਲ ਸਮੁੱਚੀ ਕਾਰਜਕਾਰਣੀ ਤੋਂ ਬਿਨਾਂ ਹੋਰ ਵੀ ਕਈ ਪਰਮੁੱਖ ਸਖਸ਼ੀਅਤਾਂ ਹਾਜ਼ਰ ਸਨ। ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨੇ ਜਗਸ਼ੀਰ ਜੀਦਾ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਬਲਦੇਵ ਰਹਿਪਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਲੱਚਰ ਸਾਹਿਤ ਅਤੇ ਗੀਤਾਂ ਦੀ ਥਾਂ ਤੇ ਅਜਿਹੇ ਲੋਕ ਪੱਖੀ ਗੀਤਾਂ ਦੀ ਜਰੂਰਤ ਹੈ ਜਿਹੜੇ ਲੋਕਾਂ ਦੀਆਂ ਮੁਸ਼ਕਲਾਂ ਦੀ ਗੱਲ ਕਰਦੇ ਹੋਣ ਤੇ ਉਹਨਾਂ ਦੇ ਹੱਲ ਵੱਲ ਸੰਕੇਤ ਵੀ ਕਰਦੇ ਹੋਣ। ਲੋਕਾਂ ਨੂੰ ਚੇਤਨ ਕਰਦੇ ਅਜਿਹੇ ਗੀਤ ਹੀ ਚੰਗਾ ਸਮਾਜ ਸਿਰਜਣ ਵਾਲਾ ਮਾਹੌਲ ਪੈਦਾ ਕਰਨ ਦੀ ਸਮਰੱਥਾ ਰਖਦੇ ਹਨ।

ਰੂਬਰੂ ਪਰੋਗਰਾਮ ਦੌਰਾਨ ਜਗਸ਼ੀਰ ਜੀਦਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਪਾਖੰਡੀ ਅਤੇ ਲੋਟੂ ਸਾਧਾਂ ਅਤੇ ਦੰਭੀ ਅਤੇ ਲਾਰੇਬਾਜ਼ ਨੇਤਾਵਾਂ , ਵੋਟ ਵਪਾਰ ਅਤੇ ਲੋਕਾਂ ਤੇ ਵਿਅੰਗ ਕਸਦੀਆਂ ਬੋਲੀਆਂ ਸੁਣਾਕੇ ਮਹਿਮਾਨਾ ਦਾ ਮਨੋਰੰਜਨ ਕਰਨ ਦੇ ਨਾਲ ਹੀ ਉਹਨਾਂ ਨੂੰ ਚੇਤਨ ਕਰਨ ਦਾ ਯਤਨ ਕੀਤਾ। ਉਹਨਾਂ ਦੇ ਇਸ ਯਤਨ ਦੀ ਤਾੜੀਆਂ ਮਾਰ ਕਰ ਕੇ ਖੂਬ ਸਲਾਘਾਂ ਕੀਤੀ ਗਈ। ਉਸ ਨੇ ਆਪਣੀਆਂ ਬੋਲੀਆਂ ਵਿੱਚ:

" ਸਾਨੂੰ ਨਾਮ ਦਾ ਜਹਾਜ਼ ਦੇ ਗਏ ਬਾਬੇ, ਹਵਾਈ ਜਹਾਜ਼ ਆਪ ਚੜ੍ਹ ਗਏ"

" ਸਾਨੂੰ ਆਖਦੇ ਨੇ ਰਾਮ ਨਾਮ ਲੁੱਟ ਲਓ ਤੇ ਆਪ ਬਾਬੇ ਮੌਜਾਂ ਲੁੱਟ-ਦੇ"

" ਆਓ ਰੱਬ ਦੇ ਘਰਾਂ ਦੀ ਰਾਖੀ ਕਰੀਏ, ਰੱਬ ਰਾਖਾ ਦੁਨੀਆ ਦਾ"

" ਕਿਹੜੇ ਪਿੰਡ ਦੀ ਕਰੇਂਗਾ ਸਰਪੰਚੀ, ਠਾਣੇ ਦਾ ਦਲਾਲ ਬਣ ਕੇ"

" ਦੇਖੀ ਸੰਗਤ ਵੇਚਦੀ ਵੋਟਾਂ , ਸੰਗਤਾਂ ਨੂੰ ਬਾਬੇ ਵੇਚ ਗਏ"

" ਸੱਚ -ਖੰਡ ਦੇ ਰਾਹਾਂ ਦਾ ਖੋਜੀ , ਕਚਹਿਰੀਆਂ ਦਾ ਰਾਹ ਪੁਛਦਾ" ਵਰਗੀਆਂ ਬੋਲੀਆਂ ਸੁਣਾ ਕੇ ਹਰ ਬੋਲੀ ਤੇ ਤਾੜੀਆਂ ਨਾਲ ਦਾਦ ਪਰਾਪਤ ਕੀਤੀ। ਸਵਾਲ ਜਵਾਬ ਸਮੇਂ ਜਗਸ਼ੀਰ ਜੀਦਾ ਨੇ ਸਪਸ਼ਟ ਕੀਤਾ ਕਿ ਉਹ ਕਿਸੇ ਸਿਆਸੀ ਪਾਰਟੀ ਦਾ ਵਰਕਰ ਨਹੀਂ । ਸੱਭਿਆਚਾਰਕ ਫਰੰਟ ਤੇ ਉਸਦਾ ਮੰਤਵ ਨਰੋਆ ਸੱਭਿਆਚਾਰ ਪੇਸ਼ ਕਰ ਕੇ ਲੋਕਾਂ ਨੂੰ ਚੇਤਨ ਕਰਨਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਚੰਗਾ ਸਮਾਜ ਸਿਰਜਿਆ ਜਾ ਸਕੇ।

ਅੰਤ ਵਿੱਚ ਸੁਸਾਇਟੀ ਵਲੋਂ ਜਗਸ਼ੀਰ ਜੀਦਾ ਦਾ ਬਹੁਤ ਘੱਟ ਸਮੇਂ ਚੋਂ ਸੁਸਾਟੀ ਲਈ ਸਮਾਂ ਕੱਢਣ ਦਾ ਧੰਨਵਾਦ ਕੀਤਾ ਗਿਆ ਅਤੇ ਉਸਨੂੰ ਸਨਮਾਨਿਤ ਕੀਤਾ ਗਿਆ। ਸੁਸਾਇਟੀ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਬਲਦੇਵ ਰਹਿਪਾ 416-881-7202 ਜਾਂ ਨਿਰਮਲ ਸੰਧੂ 416-835-3450 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਬਰੈਂਪਟਨ ਇਲੈੱਕਟ੍ਰਿਕ ਬਸ ਨੈੱਟਵਰਕ 'ਚ ਮਲਟੀ-ਮਿਲੀਅਨ ਡਾਲਰ ਨਿਵੇਸ਼ ਕੀਤੇ ਜਾਣਗੇ: ਰੂਬੀ ਸਹੋਤਾ



ਬਰੈਂਪਟਨ, -ਕੈਨੇਡਾ ਵਿਚ ਵਾਤਾਵਰਣ ਵਿਚ ਹੋ ਰਹੀਆਂ ਤਬਦੀਲੀਆਂ ਨਾਲ ਲੜਾਈ ਲੜਨ, ਕਮਿਊਨਿਟੀਆਂ ਨੂੰ ਤੰਦਰੁਸਤ ਵਾਤਾਵਰਣ ਮੁਹੱਈਆ ਕਰਨ ਅਤੇ ਸਾਫ਼-ਸੁਥਰੇ ਅਰਥਚਾਰੇ ਦੇ ਵਿਕਾਸ ਲਈ ਟਰਾਂਸਪੋਰਟ ਖ਼ੇਤਰ ਵਿਚ ਪ੍ਰਦੂਸ਼ਣ ਨੂੰ ਘਟਾਉਣਾ ਜ਼ਰੂਰੀ ਹੈ। ਕੈਨੇਡਾ ਦੀ ਸਰਕਾਰ ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਦੀ ਵਰਤੋਂ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਦੇ ਲਈ ਉਹ ਕਈ ਖੋਜ-ਪ੍ਰਾਜੈਕਟਾਂ ਲਈ ਸਹਾਇਤਾ ਕਰ ਰਹੀ ਹੈ ਜਿਨ੍ਹਾਂ ਨਾਲ ਡਰਾਈਵਿੰਗ ਸਾਫ਼-ਸੁਥਰੀ ਹੋਵੇ ਅਤੇ ਬਿਜਲਈ ਗੱਡੀਆਂ, ਹਾਈਬਰਿੱਡ ਗੱਡੀਆਂ ਤੇ ਰਵਾਇਤੀ ਈਧਨਾਂ ਤੋਂ ਇਲਾਵਾ ਹੋਰ ਨਵੀਂ ਕਿਸਮ ਦੇ ਈਧਨਾਂ ਵਾਲੀਆਂ ਪ੍ਰਦੂਸ਼ਣ-ਰਹਿਤ ਗੱਡੀਆਂ ਵਿਚ ਨਿਵੇਸ਼ ਕਰ ਰਹੀ ਹੈ।

ਰੂਬੀ ਸਹੋਤਾ ਅਤੇ ਉਨ੍ਹਾਂ ਦੇ ਬਰੈਂਪਟਨ ਦੇ ਆਪਣੇ ਹਮ-ਰੁਤਬਾ ਪਾਰਲੀਮੈਂਟ ਮੈਂਬਰਾਂ ਸੋਨੀਆ ਸਿੱਧੂ, ਰਮੇਸ਼ ਸੰਘਾ ਅਤੇ ਕਮਲ ਖਹਿਰਾ ਨੇ ਵਾਤਾਵਰਣ ਮੰਤਰੀ ਮਾਣਯੋਗ ਕੈਥਰੀਨ ਮੈੱਕਕਾਨਾ ਨਾਲ ਮਿਲ ਕੇ ਪੈਨ ਕੈਨੇਡੀਅਨ ਇਲੈੱਕਟ੍ਰਿਕ ਬੱਸ ਟਰਾਇਲ ਦੇ ਬਰੈਂਪਟਨ ਭਾਗ ਲਈ 11.1 ਮਿਲੀਅਨ ਡਾਲਰ ਪੂੰਜੀ ਨਿਵੇਸ਼ ਕਰਨ ਦਾ ਐਲਾਨ ਕੀਤਾ। ਇਸ ਪ੍ਰਾਜੈਕਟ ਨਾਲ ਬਰੈਂਪਟਨ ਵਿਚ ਡੀਜ਼ਲ ਨਾਲ ਚੱਲਣ ਵਾਲੀਆਂ ਬੱਸਾਂ ਦੇ ਫ਼ਲੀਟ ਨੂੰ ਹੌਲੀ-ਹੌਲੀ ਬੈਟਰੀ ਨਾਲ ਚੱਲਣ ਵਾਲੀਆਂ ਬੱਸਾਂ ਨਾਲ ਬਦਲਿਆ ਜਾਏਗਾ ਜਿਸ ਨਾਲ ਗਰੀਨਹਾਊਸ ਗੈਸਾਂ ਦੇ ਰਿਸਾਅ ਅਤੇ ਹਵਾਈ ਪ੍ਰਦੂਸ਼ਣ ਵਿਚ ਕਮੀ ਹੋਵੇਗੀ। ਕੈਨੇਡਾ ਦੀਆਂ ਬੱਸਾਂ ਬਨਾਉਣ ਵਾਲੀਆਂ ਦੋ ਵੱਡੀਆਂ ਕੰਪਨੀਆਂ 'ਨਿਊ ਫ਼ਲਾਇਰ ਇੰਡਸਟਰੀਜ਼' ਤੇ 'ਨੋਵਾ ਬੱਸ' ਇਹ ਬੈਟਰੀ ਇਲੈੱਕਟ੍ਰਿਕ ਬਸਾਂ ਤਿਆਰ ਕਰਨਗੀਆਂ, ਅਤੇ 'ਅਸੀਆ ਬਰਾਊਨ ਬੋਵੇਰੀ' (ਏ.ਬੀ.ਬੀ.) ਤੇ 'ਸਾਈਮਨਜ਼' ਨਾਮਕ ਕੰਪਨੀਆਂ ਉਨ੍ਹਾਂ ਦੇ ਲਈ ਔਨ-ਰੂਟ ਚਾਰਜਰ ਮੁਹੱਈਆ ਕਰਨਗੀਆਂ ਜੋ ਓਵਰਹੈੱਡ ਇਲੈੱਕਟ੍ਰਿਕ ਬੱਸ ਚਾਰਜਿੰਗ ਸਿਸਟਮ ਦੀ ਕਾਰਗੁਜ਼ਾਰੀ ਨੂੰ ਦਰਸਾਉਣਗੇ। ਇਸ ਦੇ ਨਾਲ ਹੀ ਇਹ ਸ਼ਹਿਰ ਦੇ ਭਵਿੱਖਮਈ ਵਿਸਥਾਰ, ਵਾਤਾਵਰਣ ਸਾਫ਼ ਰੱਖਣ ਅਤੇ ਨਵੀਆਂ ਨੌਕਰੀਆਂ ਪੈਦਾ ਕਰਨ ਵਿਚ ਵੀ ਸਹਾਈ ਹੋਣਗੇ। ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਰੂਬੀ ਸਹੋਤਾ ਨੇ ਕਿਹਾ, "ਮੈਂ 2016 ਦੇ ਸ਼ੁਰੂ ਵਿਚ 'ਕਿਊਟ੍ਰਿਕ' ਅਤੇ ਇਸ ਦੇ ਬਿਜਲਈ ਬੱਸਾਂ ਦੇ ਟਰਾਇਲ ਦੇ ਬਾਰੇ ਸੁਣਿਆ। ਮੈਨੂੰ ਪਤਾ ਲੱਗਾ ਕਿ ਬਰੈਂਪਟਨ ਦੀ ਵੱਧਦੀ ਵਸੋਂ ਅਤੇ ਇੱਥੇ ਨਿੱਤ ਵੱਧ ਰਹੀਆਂ ਗੱਡੀਆਂ ਕਾਰਨ ਬਰੈਂਪਟਨ ਟਰਾਂਜ਼ਿਟ ਵਿਚ ਡੀਜ਼ਲ ਵਾਲੀਆਂ ਬੱਸਾਂ ਉੱਪਰ ਨਿਰਭਰਤਾ ਘਟਾਉਣ ਲਈ ਇਸ ਪ੍ਰਾਜੈੱਕਟ ਦੀ ਜ਼ਰੂਰਤ ਹੈ। ਮੈਨੂੰ ਓਨਟਾਰੀਓ ਸੂਬਾ ਸਰਕਾਰ ਵੱਲੋਂ ਗਰੀਨ ਅਨੱਰਜੀ ਐਕਟ ਅਤੇ ਇਸ ਟਰਾਇਲ ਦੇ ਲਈ ਕੀਤੀ ਜਾਣ ਵਾਲੀ ਫ਼ੰਡਿੰਗ ਕੈਂਸਲ ਕਰਨ ਉੱਪਰ ਬੜੀ ਨਿਰਾਸ਼ਾ ਹੋਈ ਸੀ।

ਬਰੈਂਪਟਨ ਦੇ ਮੇਰੇ ਸਾਥੀ ਪਾਰਲੀਮੈਂਟ ਮੈਂਬਰ ਸਾਰੇ ਇਸ ਟਰਾਇਲ ਲਈ ਫ਼ੈੱਡਰਲ ਸਹਾਇਤਾ ਵਧਾਉਣ ਲਈ ਇਕੱਠੇ ਹੋਏ ਅਤੇ ਅਸੀਂ ਇਹ ਯਕੀਨੀ ਬਣਾਇਆ ਕਿ ਬਰੈਂਪਟਨ ਈ-ਮੋਬਿਲਿਟੀ ਦੇ ਖ਼ੇਤਰ ਵਿਚ ਦੁਨੀਆਂ ਦਾ ਮੋਹਰੀ ਸ਼ਹਿਰ ਬਣ ਜਾਏ।"

# ਤੀਆਂ ਦਾ ਤਿਉਹਾਰ ਮਨਾਇਆ





(ਬਰੈਂਪਟਨ/ਬਾਸੀ ਹਰਚੰਦ): ਪਿਛਲੇ ਸਾਲ ਦੀ ਤਰ੍ਹਾਂ 27 ਜੁਲਾਈ ਨੂੰ ਮਾਊਂਟੇਨਿਸ਼ ਰੋਡ 'ਤੇ ਸਥਿਤ ਸਕੂਲ ਨਾਲ ਲੱਗਦੇ ਪਾਰਕ ਵਿੱਚ 3-00ਵਜੇ ਤੋਂ 7-00 ਵਜੇ ਤੱਕ ਤੀਆਂ ਦਾ ਮੇਲਾ ਮਨਾਇਆ ਗਿਆ। ਇਸ ਮੇਲੇ ਵਿੱਚ ਇੱਕ ਹਜ਼ਾਰ ਤੋਂ ਵੱਧ ਬੀਬੀਆਂ, ਮੁਟਿਆਰਾ ਬੱਚੀਆਂ ਅਤੇ ਬੱਚੇ ਸ਼ਾਮਲ ਹੋਏ। ਹਰਕੀਰਤ ਸਿੰਘ ਕੌਂਸਲਰ, ਬੀਬੀ ਬਲਬੀਰ ਕੌਰ ਸੋਹੀ ਸਕੂਲ ਟਰੱਸਟੀ ਅਤੇ ਗੁਰਪਰੀਤ ਸਿੰਘ ਅਤੇ ਹੋਰ ਸਨਮਾਨ ਯੋਗ ਵਿਅੱਕਤੀਆਂ ਨੇ ਸਿਰ੍ਹਕਤ ਕੀਤੀ। ਬੀਬੀਆਂ ਨੇ ਲੋਕ ਗੀਤ ਗਾ ਕੇ ਅਤੇ ਬੋਲੀਆਂ ਪਾ ਕੇ ਖੂਭ ਗਿੱਧਾ ਪਾਇਆ। ਬੀਬੀ ਸੁਰਜੀਤ ਕੌਰ ਗਰੇਵਾਲ,ਬੀਬੀ ਬਲਵਿੰਦਰ ਕੌਰ ਦਿਉਲ, ਬਬਿੀ ਜਸਵੀਰ ਕੌਰ ਅਤੇ ਬੀਬੀ ਅਮਰਜੀਤ ਕੌਰ ਨੇ ਤੀਆਂ ਦੇ ਮੇਲੇ ਵਿੱਚ ਸ਼ਾਮਲ ਹੋਏ ਸੱਭ ਦਾ ਧੰਨਵਾਦ ਕੀਤਾ। ਖਾਸ ਕਰਕੇ ਰੌਕਗਾਰਡਨ ਦੇ ਵਲੰਟੀਅਰਜ਼ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਬਲਵਿੰਦਰ ਸਿੰਘ ਗਰੇਵਾਲ ਅਤੇ ਸੁੱਚਾ ਸਿੰਘ ਅਟਵਾਲ ਨੇ ਪਾਰਕ ਤੋਂ ਗਾਰਬੈਗ ਸਾਫ ਕੀਤਾ।

# ਨਵੇਂ ਭਾਰਤੀ ਹਾਈ ਕਮਿਸ਼ਨਰ ਸ੍ਰੀ ਮੁਕਤੇਸ਼ ਕੁਮਾਰ ਪਰਦੇਸ਼ੀ ਨਿਊਜ਼ੀਲੈਂਡ ਦੀ ਗਵਰਨਰ ਜਨਰਲ ਡੈਮ ਪੈਟਸੀ ਨੂੰ ਮਿਲੇ

ਔਕਲੈਂਡ, 30 ਜੁਲਾਈ (ਹਰਜਿੰਦਰ ਸਿੰਘ ਬਸਿਆਲਾ)-ਵਲਿੰਗਟਨ ਸਥਿਤ ਭਾਰਤੀ ਦੂਤਾਵਾਸ ਵਿਖੇ ਨਵੇਂ ਹਾਈ ਕਮਿਸ਼ਨਰ ਸ੍ਰੀ ਮੁਕਤੇਸ਼ ਕੁਮਾਰ ਪਰਦੇਸ਼ੀ ਪਹੁੰਚ ਚੁੱਕੇ ਹਨ। ਵੈਬਸਾਈਟ ਉਤੇ ਵੀ ਉਨ੍ਹਾਂ ਦਾ ਨਾਂਅ ਤਬਦੀਲ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਨਿਯੁਕਤੀ 27 ਫਰਵਰੀ ਨੂੰ ਭਾਰਤ ਦੇ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਵੱਲੋਂ ਕੀਤੀ ਗਈ ਸੀ। ਅੱਜ ਸ੍ਰੀ ਮੁਕਤੇਸ਼ ਪਰਦੇਸ਼ੀ ਆਪਣੀ ਧਰਮ ਪਤਨੀ ਰਾਖੀ ਪਰਦੇਸ਼ੀ ਦੇ ਨਾਲ ਨਿਊਜ਼ੀਲੈਂਡ ਦੀ ਗਵਰਨਰ ਜਨਰਲ ਮਾਣਯੋਗ ਡੈਮ ਪੈਟਸੀ ਨੂੰ ਗਵਰਨਰ ਹਾਊਸ ਵਲਿੰਗਟਨ ਵਿਖੇ ਮਿਲੇ ਅਤੇ ਆਪਣਾ ਸਨਦ ਪੱਤਰ (ਪਰਿਚਯ) ਪੱਤਰ ਸੌਂਪਿਆ। ਸ੍ਰੀ ਪਰਦੇਸ਼ੀ 1991 ਬੈਚ ਦੇ ਇੰਡੀਅਨ ਫੋਰੀਅਨ ਸਰਵਿਸਜ਼ (ਆਈ. ਐਫ. ਐਸ.) ਆਫੀਸਰ ਹਨ। ਉਨ੍ਹਾਂ ਦਿੱਲੀ ਦੇ ਹਿੰਦੂ ਕਾਜਲ ਤੋਂ ਪੜ੍ਹੇ ਲਿਖੇ ਹਨ। ਉਹ ਅਪ੍ਰੈਲ 2016 ਤੋਂ ਮੈਕਸੀਕੋ ਦੇ ਅੰਬੈਸਡਰ ਚਲੇ ਆ ਰਹੇ ਸਨ। ਇਸ ਤੋਂ ਪਹਿਲਾਂ ਉਹ ਉਥੇ 1993-95 ਦੇ ਵਿਚ ਤੀਜੇ ਅਤੇ ਦੂਜੇ ਸੈਕਟਰੀ ਰਹਿ ਚੁੱਕੇ ਹਨ। ਉਹ ਭਾਰਤ ਦੇ ਚੀਫ ਪਾਸਪੋਰਟ ਅਫਸਰ ਵੀ ਰਹਿ ਚੁੱਕੇ ਹਨ। ਉਹ ਪਾਸਪੋਰਟ ਸੇਵਾ ਪ੍ਰਾਜੈਕਟ ਦੇ ਵਿਚ ਅਹਿਮ ਭੂਮਿਕਾ ਨਿਭਾਅ ਚੁੱਕੇ ਹਨ। ਜਕਾਰਤਾ ਵਿਖੇ ਵੀ ਉਹ ਡਿਪਟੀ ਹੈਡ ਰਹਿ ਚੁੱਕੇ ਹਨ। ਉਹ ਦਿੱਲੀ ਯੂਨੀਵਰਸਿਟੀ ਤੋਂ ਪੜ੍ਹੇ ਹੋਏ ਹਨ। ਸਪੈਨਿਸ਼ ਵਿਚ ਵੀ ਉਨ੍ਹਾਂ ਯੂਨੀਵਰਸਿਟੀ ਆਫ ਮੈਕਸੀਕੋ ਤੋਂ ਅਡਵਾਂਸ ਡਿਪਲੋਮਾ ਕੀਤਾ ਹੈ। ਇਸ ਤੋਂ ਪਹਿਲਾਂ ਉਹ ਦੋ ਵਾਰ ਨਿਊਜ਼ੀਲੈਂਡ ਸਰਕਾਰੀ ਕੰਮ ਵਾਸਤੇ ਆ ਚੁਕੇ ਹਨ। ਉਨ੍ਹਾਂ ਦੀ ਪਤਨੀ ਰਾਖੀ ਪ੍ਰਦੇਸ਼ੀ ਹੈ ਅਤੇ ਉਨ੍ਹਾਂ ਦੀਆਂ ਦੋ ਪੁਤਰੀਆਂ ਹਨ। ਇਕ ਲੰਡਨ ਵਿਖੇ ਪੜ੍ਹਦੀ ਹੈ ਅਤੇ ਇਕ ਭਾਰਤ ਦੇ ਵਿਚ ਨੌਕਰੀ ਕਰਦੀ ਹੈ। ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਨੇ ਸ੍ਰੀ ਮੁਕਤੇਸ਼ ਕੁਮਾਰ ਪਰਦੇਸ਼ੀ ਨੂੰ ਵਧਾਈ ਦਿੱਤੀ ਹੈ। ਵਰਨਣਯੋਗ ਹੈ ਕਿ ਮੌਜੂਦਾ ਭਾਰਤੀ ਹਾਈ ਕਮਿਸ਼ਨਰ ਸ੍ਰੀ ਸੰਜੀਵ ਕੋਹਲੀ ਦੀ ਨਿਯੁਕਤੀ ਦਸੰਬਰ 2015 ਦੇ ਵਿਚ ਭਾਰਤੀ ਸਰਕਾਰ ਨੇ ਕੀਤੀ ਸੀ ਤੇ ਮਾਰਚ 2016 'ਚ ਉਨ੍ਹਾਂ ਅਹੁਦਾ ਸੰਭਾਲਿਆ ਸੀ। ਉਹ ਹੁਣ ਇਥੋਂ ਬਦਲ ਕੇ ਤਨਜਾਨੀਆ ਦੇ ਹਾਈ ਕਮਿਸ਼ਨਰ ਬਣ ਗਏ ਹਨ।

# ਬੀਬੀਆਂ ਨੇ ਐੱਨ-ਐਸ਼ (ਰੈੱਡ ਵਿੱਲੋ) ਪਾਰਕ 'ਚ ਤੀਆਂ ਦਾ ਮੇਲਾ ਲਾਇਆ

(ਹਰਜੀਤ ਬੇਦੀ): ਬੀਤੇ ਹਫਤੇ ਇਲਾਕੇ ਦੀਆਂ ਸਮੂਹ ਬੀਬੀਆਂ ਵਲੋਂ ਐਨ ਐਸ਼ ਪਾਰਕ ਵਿੱਚ ਤੀਆਂ ਦਾ ਮੇਲਾ ਬੜੀ ਧੂੰਮ ਧਾਮ ਨਾਲ ਲਾਇਆ ਗਿਆ। ਇਸ ਮੇਲੇ ਦਾ ਪਰਬੰਧ ਕਰਨ ਵਿੱਚ ਬੇਅੰਤ ਕੌਰ, ਮਹਿੰਦਰ ਕੌਰ ਪੱਡਾ, ਇੰਦਰਜੀਤ ਗਿੱਲ, ਨਿਰਮਲਾ ਪਰਾਸ਼ਰ ਆਦਿ ਨੇ ਆਪਣੀਆਂ ਸਾਥਣਾਂ ਦੇ ਸਹਿਯੋਗ ਨਾਲ ਬਹੁਤ ਹੀ ਵਧੀਆ ਪਰਬੰਧ ਕੀਤਾ। ਚਾਰ ਪੰਜ ਘੰਟੇ ਚੱਲੇ ਇਸ ਪਰੋਗਰਾਮ ਵਿਚ ਖਾਣ ਪੀਣ ਦਾ ਪੂਰਾ ਪਰਬੰਧ ਸੀ। ਸੌਣ ਦੇ ਮਹੀਨੇ ਵਿੱਚ ਕਨੇਡਾ ਦੇ ਮਾਹੌਲ ਅਨੁਸਾਰ ਖੀਰ ਪੂੜਿਆਂ ਦੀ ਥਾਂ, ਜਲੇਬੀਆਂ , ਬੇਸਣ ਬਰਫੀ, ਸਮੋਸੇ ਅਤੇ ਪਕੌੜੇ ਖੁੱਲ੍ਹੇ ਵਰਤਾਏ ਗਏ। ਇਸ ਪਰੋਗਰਾਮ ਦੀ ਖਾਸੀਅਤ ਇਹ ਸੀ ਕਿ ਭਾਵੇਂ ਪਰਬੰਧ ਵਿੱਚ ਮੋਹਰੀ ਰੋਲ ਸੀਨੀਅਰ ਬੀਬੀਆਂ ਦਾ ਸੀ ਪਰ ਸੈਕਿੜਾਂ ਦੇ ਇਕੱਠ ਵਿਚ ਮਾਂ, ਧੀ, ਦੋਹਤੀ ਜਾਂ ਸੱਸ, ਨੂੰਹ,ਪੋਤੀ ਦੀਆਂ ਤਿੰਨ ਪੀੜ੍ਹੀਆਂ ਹਾਜ਼ਰ ਸਨ। ਤੀਆਂ ਦੇ ਇਸ ਮੇਲੇ ਦਾ ਮਾਹੌਲ ਬੋਲੀਆਂ ਉੱਤੇ ਪਾਏ ਜਾ ਰਹੇ ਗਿੱਧੇ ਨਾਲ ਪੰਜਾਬ ਦੀ ਯਾਦ ਤਾਜਾ ਕਰਾ ਰਿਹਾ ਸੀ। ਇਸ ਪਰੋਗਰਾਮ ਵਿੱਚ ਸ਼ਾਮਲ ਬੀਬੀਆਂ, ਮੁਟਿਆਰਾਂ ਅਤੇ ਬੱਚੀਆਂ ਵਿੱਚ ਇੰਨਾ ਉਤਸ਼ਾਹ ਸੀ ਕਿ ਨੱਚਣ ਦੀ ਵਾਰੀ ਹੀ ਨਹੀਂ ਸੀ ਮਿਲ ਰਹੀ। ਪਾਰਕ ਵਿੱਚ ਲੰਬਾ ਸਮਾਂ ਗਿੱਧੇ ਦੀਆਂ ਧਮਾਲਾਂ ਪੈਂਦੀਆਂ ਰਹੀਆਂ। ਦੂਜੀਆਂ ਕਮਿਊਨਿਟੀਆਂ ਦੇ ਲੋਕ ਜਾਂਦੇ ਜਾਂਦੇ ਉਥੇ ਕੁੱਝ ਦੇਰ ਲਈ ਰੁਕ ਕੇ ਇਸ ਦਾ ਆਨੰਦ ਮਾਣਦੇ ਰਹੇ। ਪਾਰਕ ਵਿਚ ਆਈਆਂ ਦੂਸਰੀਆਂ ਕਮਿਊਨਿਟੀਆਂ ਦੀਆਂ ਔਰਤਾਂ ਨੂੰ ਵੀ ਖਾਣ ਪੀਣ ਦਾ ਸਾਮਾਨ ਵਰਤਾਇਆ ਗਿਆ। ਪੰਜਾਬੀ ਔਰਤਾਂ ਦੀ ਮਹਿਮਾਨ ਨਿਵਾਜੀ ਦੇਖ ਕੇ ਉਹ ਹੈਰਾਨੀ ਭਰੀ ਖੁਸ਼ੀ ਪਰਗਟ ਕਰਦੀਆਂ ਤੇ ਮੁਸਕਰਾ ਕੇ ਥੈਂਕ-ਯੂ ਕਰਦੀਆਂ। ਅੰਤ ਕਾਫੀ ਸਮਾਂ ਤੀਆਂ ਦੇ ਮੇਲੇ ਦਾ ਆਨੰਦ ਮਾਣ ਕੇ ਪਰੋਗਰਾਮ ਦੀ ਸਮਾਪਤੀ ਕੀਤੀ ਗਈ ਤੇ ਪਰੋਗਰਾਮ ਵਿਚ ਸ਼ਾਮਲ ਔਰਤਾਂ ਖੁਸ਼ੀ ਖੁਸ਼ੀ ਆਪਣੇ ਘਰਾਂ ਨੂੰ ਪਰਤ ਗਈਆਂ।

# ਸਰਬ ਸਾਂਝਾ ਕਵੀ ਦਰਬਾਰ 3 ਅਗਸਤ ਨੂੰ

ਬਰੈਂਪਟਨ (ਜਰਨੈਲ ਸਿੰਘ ਮਠਾੜੂ) ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਆਫ਼ ਉਨਟਾਰੀਓ ਵੱਲੋਂ ਆਪਣਾ ਮਾਸਿਕ ਸਰਬ ਸਾਂਝਾ ਕਵੀ ਦਰਬਾਰ ਦਿਨ ਸ਼ਨੀਚਰਵਾਰ 3 ਅਗਸਤ ਨੂੰ ਰਾਮਗੜ੍ਹੀਆ ਭਵਨ ਵਿਖੇ ਕਰਵਾਇਆ ਜਾ ਰਿਹਾ ਹੈ , ਜਿਸ ਦਾ ਸਮਾਂ 1.00 ਤੋਂ 5.00 ਵਜੇ ਤੱਕ ਹੋਵੇਗਾ। ਇਸ ਵਿੱਚ ਉੱਚ ਕੋਟੀ ਦੇ ਕਵੀ ਸੱਜਣ ਸਾਹਿਤਕ-ਾਰ ਅਤੇ ਲੇਖਕ ਭਾਗ ਲੈਣਗੇ। ਸਾਰੇ ਲੇਖਕ , ਸਾਹਿਤਕਾਰਾਂ ਅਤੇ ਕਵੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਸਟੇਜ ਸਕੱਤਰ ਦੀ ਕਾਰਵਾਈ ਫਾਊਂਡੇਸ਼ਨ ਦੇ ਉੱਘੇ ਮੈਂਬਰ ਅਤੇ ਲੇਖਕ ਹਰਦਿਆਲ ਸਿੰਘ ਝੀਤਾ ਕਰਨਗੇ। ਆਏ ਸਾਰੇ ਮਹਿਮਾਨਾਂ ਲਈ ਚਾਹ ਸਨੈਕਸ ਦਾ ਪ੍ਰਬੰਧ ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਵੱਲੋਂ ਕੀਤਾ ਜਾਵੇਗਾ । ਚੇਤੇ ਰਹੇ ਕਿ ਰਾਮਗੜ੍ਹੀਆ ਭਵਨ 7956 ਟੌਰਬਰਾਮ ਰੋਡ , ਯੂਨਿਟ #40 ਵਿੱਚ ਸਥਿੱਤ ਹੈ। ਸਾਰਿਆਂ ਨੂੰ ਸਮੇਂ ਸਿਰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਸਰੋਤੇ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਉਹ ਵੀ ਆਪਣੇ ਨਾਲ ਵੱਧ ਤੋਂ ਵੱਧ ਸਰੋਤੇ ਕਵੀ ਸੱਜਣ ਅਤੇ ਲੇਖਕ ਨਾਲ ਲੈ ਕੇ ਆਉਣ ਅਤੇ ਖਾਸ ਕਰਕੇ ਇੰਟਰਨੈਸ਼ਨਲ ਸਟੂਡੈਂਟ ਜਾਂ ਇਥੋਂ ਦੇ ਸਟੂਡੈਂਟ , ਜੋ ਕਿ ਨਵੇਂ ਉੱਭਰ ਰਹੇ ਹਨ , ਉਹ ਵੀ ਇਸ ਵਿੱਚ ਸ਼ਾਮਲ ਹੋਣ ਅਤੇ ਇਸ ਕਵੀ ਦਰਬਾਰ ਦਾ ਲਾਹਾ ਲੈਣ। ਚੇਤੇ ਰਹੇ ਕਿ ਸਰਬ ਸਾਂਝਾ ਕਵੀ ਦਰਬਾਰ ਵਿੱਚ ਨਵੇਂ ਲੇਖਕ ਉੱਭਰਦੇ ਕਲਾਕਾਰ ਅਤੇ ਦੇਸ਼ ਵਿਦੇਸ਼ ਤੋਂ ਆਏ ਕਵੀ ਲੇਖਕ ਅਤੇ ਸਾਹਿਤਕਾਰਾਂ ਨੂੰ ਮੌਕਾ ਦਿੱਤਾ ਜਾਂਦਾ ਹੈ ਹੋਰ ਵਧੇਰੇ ਜਾਣਕਾਰੀ ਜਾਣਕਾਰੀ ਲਈ 416 305 9878 ਤੇ ਸੰਪਰਕ ਕੀਤਾ ਜਾ ਸਕਦਾ ਹੈ ।


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

ਸੰਤ ਰਾਮਪਾਲ ਜੀ ਮਹਾਰਾਜ ਰੂਹਾਨੀ ਵਿਚਾਰ ਲਈ ਬਰੈਂਪਟਨ ਆ ਰਹੇ ਹਨ
Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

Deposit Structure
40k
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Century 21 President Realty Inc Brokerage
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Jagdish Grewal
Sales Representative
(416) 970-5005
Office: 905-488-2100 Ext. 348



## 31 ਜੁਲਾਈ 79ਵੇਂ ਸ਼ਹੀਦੀ ਦਿਵਸ ’ਤੇ ਵਿਸ਼ੇਸ਼

# ਸ਼ਹੀਦ ਊਧਮ ਸਿੰਘ: ਵਿਅਕਤੀਤਵ ਅਤੇ ਵਿਚਾਰਧਾਰਾ



ਹਰਦੀਪ ਸਿੰਘ ਝੱਜ
94633-64992

ਪੰਜਾਬ ਦੇ ਅਣਖੀਲੇ ਯੋਧੇ ਸ਼ਹੀਦ ਊਧਮ ਸਿੰਘ ਬਾਰੇ ਹੁਣ ਤੱਕ ਦੇ ਸਮੇਂ ਦੌਰਾਨ ਅਕਾਦਮਿਕ ਪੱਧਰ ’ਤੇਵਿਦਵਾਨਾਂ/ਲੇਖਕਾਂ ਵੱਲੋਂ ਕਾਫ਼ੀ ਕੁੱਝ ਲਿਖਿਆ ਤੇ ਸਮਾਗਮਾਂ ਵਿੱਚ ਬੋਲਿਆ ਜਾ ਚੁੱਕਾ ਹੈ। ਅੱਜ ਤੱਕ ਉਸਦੇਸਬੰਧੀ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚ ਦੋਹਾਂ ਕਿਸਮਾਂ ਦੀਆਂ ਲਿਖਤਾਂ ਉਸਨੂੰ ਇੱਕ ਨਾਇਕ ਵਜੋਂ ਪੇਸ਼ ਕਰਦੀਆਂ ਆ ਰਹੀਆਂ ਹਨ। ਜਿਸ ਵਿੱਚ ਉਸਨੇ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ-ਬਾਗ਼ (13 ਅਪ੍ਰੈਲ, 1919) ਦੇ ਖ਼ੂਨੀ ਸਾਕੇ ਦਾ 21 ਵਰ੍ਹੇ ਮਗਰੋਂ ਇੰਗਲੈਂਡ ਦੇ ਲੰਡਨ ਸ਼ਹਿਰ ’ਚ ਜਾ ਕੇ ਬਦਲਾ ਲਿਆ। ਇਸ ਗੱਲ ਨੂੰ ਸਪੱਸ਼ਟ ਕਰਨ ਲਈ ਆਮ ਕਰਕੇ ਇਤਿਹਾਸਕਾਰ ਇਸ ਗੱਲ ਨੂੰ ਆਧਾਰ ਮੰਨ ਕੇ ਚੱਲਦੇ ਹਨ, ਕਿ ਜਲ੍ਹਿਆਂਵਾਲਾ-ਬਾਗ਼ ਵਿੱਚ ਗੋਲੀਆਂ ਚੱਲਣ ਸਮੇਂ ਸ੍ਰ. ਊਧਮ ਸਿੰਘ ਉੱਥੇ ਮੌਜ਼ੂਦ ਸੀ ਜਾਂ ਉਹ ਗੋਲੀਆਂ ਚੱਲਣ ਤੋਂ ਕੁੱਝ ਸਮੇਂ ਬਾਅਦ ਯਤੀਮ-ਖਾਨੇ ਦੇ ਕਰਮਚਾਰੀ ਵਜੋਂ ਜ਼ਖਮੀਆਂ ਲੋਕਾਂ ਦੀ ਸੇਵਾ ਲਈ ਉੱਥੇ ਆਇਆ ਸੀ ਅਤੇ ਇਓਂ ਇਸ ਘਿਨਾਉਣੇ ਜ਼ੁਲਮਨੂੰ ਦੇਖ ਕੇ ਉਸਨੇ ਸਰ-ਮਾਈਕਲ-ਓਡਵਾਇਰ ਤੋਂ ਬਦਲਾ ਲੈਣ ਦਾ ਪ੍ਰਣ ਕੀਤਾ ਸੀ।

ਊਧਮ ਸਿੰਘ ਬਾਰੇ ਅੱਜ ਬਹੁਤ ਸਾਰੇ ਸਪੱਸ਼ਟ ਪ੍ਰਸ਼ਨ ਪੈਦਾ ਹੁੰਦੇ ਹਨ। ਪਹਿਲਾ ਸਵਾਲ, ਜੇਕਰ ਊਧਮ ਸਿੰਘ ਨੇ ਓਡਵਾਇਰ ਤੋਂ ਬਦਲਾ ਲੈਣਾ ਹੀ ਸੀ ਤਾਂ ਉਸਨੇ ਲਾਰਡ ਜੈਂਟਲੈਂਡ, ਲਾਰਡ ਲਮਿੰਗਟਨ ਅਤੇ ਸਰ ਲੁਈਸ ਡੇਨ ’ਤੇ ਗੋਲੀਆਂ ਕਿਉਂ ਚਲਾਈਆਂ? ਦੂਜਾ ਸਵਾਲ ਕਿ, ਗ੍ਰਿਫ਼ਤਾਰੀ ਮਗਰੋਂ ਉਸਦੀ ਜੇਬ ਵਿਚੋਂ ਅਤੇ ਕਮਰੇ ’ਚੋਂ ਮਿਲੀਆਂ ਡਾਇਰੀਆਂ ਵਿੱਚ ਜਿਹੜੀਆਂ 1939-1940 ਈ: ਦੇ ਵਰ੍ਹਿਆਂ ਦੀਆਂ ਸਨ, ਓਡਵਾਇਰ ਤੋਂ ਬਿਨ੍ਹਾਂ ਜੈਂਟਲੈਂਡ ਅਤੇ ਲਾਰਡ ਵੈਲਿੰਗਟਨ ਦੇ ਪਤੇ ਕਿਉਂ ਮਿਲੇ?ਤੀਸਰਾ ਸਵਾਲ, ਉਹ ਓਡਵਾਇਰ ਨੂੰ ਮਾਰਨ ਲਈ ਇਨ੍ਹਾਂ ਲੰਮਾ ਸਮਾਂ ਇੰਤਜ਼ਾਰ ਕਿਉਂ ਕਰਦਾ ਰਿਹਾ ਜਦੋਂ ਕਿ ਉਹ 1933 ਈ: ਦੇ ਅਖ਼ੀਰ ਤੋਂ ਲਗਾਤਾਰ ਇੰਗਲੈਂਡ ਵਿੱਚ ਸੀ ਅਤੇ ਪਹਿਲਾਂ ਵੀ 1920 ਤੋਂ 1927 ਈ: ਦੇ ਸਾਲਾਂ ਦੌਰਾਨ ਇੰਗਲੈਂਡ ਨੂੰ ਜਾ ਸਕਦਾ ਸੀ, ਜਦੋਂ ਉਹ ਲਗਾਤਾਰ ਵਿਦੇਸ਼ਾਂ ਦੀ ਧਰਤੀ ਉੱਤੇ ਘੁੰਮ ਰਿਹਾ ਸੀ। ਚੌਥਾ ਸਵਾਲ, ਜਦੋਂ ਉਹ ਜੁਲਾਈ 1927 ਈ: ਵਿੱਚ ਹਥਿਆਰ ਲੈ ਕੇ ਭਾਰਤ ਵਿਦਰੋਹਕਰਨ ਆਇਆ ਅਤੇ ਅਗਸਤ 1927 ਈ: ਵਿੱਚ ਅੰਗ੍ਰੇਜ਼ੀ ਹਕੂਮਤ ਵਲੋਂ ਗ੍ਰਿਫ਼ਤਾਰ ਕਰ ਲਿਆ ਗਿਆ, ਉਸ ਸਮੇਂ ਓਡਵਾਇਰ ਤੋਂ ਬਦਲਾ ਲੈਣ ਵਾਲੀ ਗੱਲ ਕਿੱਥੇ ਸੀ?

ਇਨ੍ਹਾਂ ਸਾਰੇ ਪ੍ਰਸ਼ਨਾਂ ਤੋਂ ਇਲਾਵਾ ਕੁੱਝ ਤੱਥਾਂ ਅਤੇ ਘਟਨਾਵਾਂ ਬਾਰੇ ਵੀ ਬਹੁਤੇ ਇਤਿਹਾਸਕਾਰਾਂ ਨੇ ਗ਼ਲਤ ਬਿਆਨ ਦਿੱਤੇ ਹਨ। ਜਿਵੇਂ ਉਸਦੇ ਨਾਂ, ਜਨਮ-ਤਾਰੀਖ ਅਤੇ ਜਨਮ-ਸਥਾਨ ਆਦਿ ਬਾਰੇ। ਹੁਣ ਤੱਕ ਦੀਆਂ ਪ੍ਰਕਾਸ਼ਿਤ ਸ਼ਹੀਦ ਊਧਮ ਸਿੰਘ ਬਾਰੇ ਸਾਰੀਆਂ ਲਿਖਤਾਂ ਅਤੇ ਕਿਤਾਬਾਂ ’ਚ ਨਾ ਕੇਵਲ ਕਈ ਕਿਸਮ ਦਾ ਹੋਲਾ-ਘਚੋਲਾ ਹੈ, ਸਗੋਂ ਇੱਕ ਅੰਗ੍ਰੇਜ਼ ਲੇਖਕ ਨੇ ਤਾਂ ਬੇਹੂਦੇ ਪ੍ਰਸ਼ਨ ਖੜ੍ਹੇ ਕਰਕੇ ਉਸਨੂੰ ਬ੍ਰਿਟਿਸ਼ ਅਤੇ ਜਰਮਨ ਏਜੰਟ ਸਾਬਤ ਕਰਨ ਦੀ ਗ਼ਲਤੀ ਵੀ ਕੀਤਾ ਹੈ। ਇਸ ਲਈ ਇਹ ਜ਼ਰੂਰੀ ਹੈ, ਕਿ ਪੰਜਾਬ ਦੇ ਅਣਖੀ ਸੂਰਮੇ ਸਬੰਧੀ ਪਾਏ ਗਏ ਭੁਲੇਖਿਆਂ ਨੂੰ ਦੂਰ ਕਰਨ ਲਈ ਡੂੰਘੀ ਖੋਜ-ਪੜਤਾਲ ਕਰਕੇ ਇਤਿਹਾਸਕ ਸਚਾਈ ਨੂੰ ਲੱਭ ਕੇਅਜੋਕੇ ਸਮਾਜ ਦੇ ਸਾਹਮਣੇ ਪੇਸ਼ ਕੀਤਾ ਜਾਵੇ।

ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਨੂੰ ਮੁਹੱਲਾ ਪੀਲਵਾਦ ਸੁਨਾਮ ਵਿਖੇ ਇੱਕ ਗ਼ਰੀਬ ਪਰਿਵਾਰ ਵਿੱਚ ਪਿਤਾ ਟਹਿਲ ਸਿੰਘ ਅਤੇ ਮਾਤਾ ਹਰਨਾਮ ਕੌਰ ਦੇ ਘਰ ਹੋਇਆ।ਇਨ੍ਹਾਂ ਦਾ ਬਚਪਨ ਦਾ ਨਾਂ ਸ਼ੇਰ ਸਿੰਘ ਸੀ। ਇਸਦਾ ਇੱਕ ਵੱਡਾ ਭਰਾ ਸਾਧੂ ਸਿੰਘ ਸੀ। ਟਹਿਲ ਸਿੰਘ ਛੋਟੇ-ਮੋਟੇ ਕੰਮ, ਜਿਵੇਂ ਸਬਜੀਆਂ ਵੇਚਣ ਜਾਂ ਘਰੇਲੂ ਨੌਕਰ ਤੇ ਚੌਕੀਦਾਰ ਦੀ ਨੌਕਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰ ਰਿਹਾ ਸੀ, ਕਿ ਹਰਨਾਮ ਕੌਰ ਅਚਾਨਕ ਪਤੀ ਅਤੇ ਛੋਟੇ ਬੱਚਿਆਂ ਨੂੰ ਸਦਾ ਲਈ ਛੱਡ ਕੇ ਚੱਲ ਵਸੀ। ਕੁੱਝ ਸਮੇਂ ਮਗਰੋਂ ਟਹਿਲ ਸਿੰਘ ਨੇ ਵੀ ਨੌਕਰੀ ਛੱਡਣ ਦਾ ਨਿਰਣਾ ਕਰ ਲਿਆਅਤੇ ਅੰਮ੍ਰਿਤਸਰ ਆਪਣੇ ਕਿਸੇ ਜਾਣਕਾਰ ਕੋਲ ਬੱਚਿਆਂ ਵਾਸਤੇ ਰਾਗ ਵਿੱਦਿਆ ਦਾ ਪ੍ਰਬੰਧ ਕਰਨ ਲਈ ਚੱਲ ਪਿਆ। ਉਹ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਰਸਤੇ ਵਿੱਚ ਸਖ਼ਤ ਬਿਮਾਰ ਹੋ ਗਿਆ ਅਤੇ ਕੁੱਝ ਦਿਨਾਂ ਬਾਅਦ ਅੰਮ੍ਰਿਤਸਰ ਚਲਾਣਾ ਕਰ ਗਿਆ। ਇਸ ਸਮੇਂ ਦੋਵੇਂ ਯਤੀਮ ਭਰਾ 8 ਅਤੇ 6 ਸਾਲ ਦੇ ਸਨ। ਕਿਸੇ ਜਾਣਕਾਰ ਨੇ ਪਛਾਣ ਕੇ ਇਨ੍ਹਾਂ ਨੂੰ ਕੇਂਦਰੀ ਸਿੱਖ ਯਤੀਮ-ਘਰ, ਪੁਤਲੀ-ਘਰ ਦਾਖਲ ਕਰਵਾ ਦਿੱਤਾ। ਇਹਅਕਤੂਬਰ, 1907 ਈ: ਦੀ ਗੱਲ ਹੈ। ਇੱਥੇ ਰਜਿਸਟਰ ਵਿੱਚ ਊਧਮ ਸਿੰਘ ਦਾ ਨਾਂ ‘ਸ਼ੇਰ ਸਿੰਘ’। ਇਸ ਯਤੀਮ-ਖਾਨੇ ਵਿੱਚ ਊਧਮ ਅਤੇ ਉਸਦੇ ਭਰਾ ਨੇ ਉਰਦੂ, ਗੁਰਮੁਖੀ ਤੇ ਅੰਗ੍ਰੇਜ਼ੀ ਤੋਂ ਬਿਨ੍ਹਾਂ ਸਿੱਖ ਧਰਮ ਅਤੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਇਹ ਉਨ੍ਹਾਂ ’ਤੇ ਮੁੱਢਲਾ ਪ੍ਰਭਾਵ ਸੀ। ਇੱਥੇ ਹੀ ਦੋਵਾਂ ਬੱਚਿਆਂ ਨੇ ਆਪਣੇ ਹੱਥੀਂ ਕੰਮ ਕਰਨਾ ਅਤੇ ਥੋੜ੍ਹਾ ਬਹੁਤ ਪੜ੍ਹਨਾ-ਲਿਖਣਾ ਸਿੱਖਿਆ ਸੀ। ਪ੍ਰੰਤੂਬਦਕਿਸਮਤੀ ਨਾਲ ਊਧਮ ਸਿੰਘ ਦਾ ਵੱਡਾ ਭਰਾ ਸਾਧੂ ਸਿੰਘ ਵੀ 1917 ਈ: ਵਿੱਚ ਸਖ਼ਤ ਨਮੂਨੀਏ ਨਾਲ ਬਿਮਾਰ ਹੋਣ ਕਾਰਨ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ।ਅੱਜ ਇਸ ਬਾਰੇ ਕੋਈ ਪੱਕਾ ਸਬੂਤ ਨਹੀਂ ਮਿਲਦਾ ਕਿ ਊਧਮ ਸਿੰਘ ਨੇ ਯਤੀਮ-ਖਾਨਾ ਕਦੋਂ ਛੱਡਿਆ, ਪ੍ਰੰਤੂ ਇਹ ਗੱਲ ਯਕੀਨੀ ਹੈ ਕਿ ਸੰਨ 1918 ਈ: ਵਿੱਚ ਉਹ ਮੈਸੋਪੋਟਾਮੀਆ ਵਿੱਚ ਮੋਟਰ ਮਕੈਨਿਕ ਦੇ ਤੌਰ ’ਤੇ ਕੰਮ ਕਰ



ਰਿਹਾ ਸੀ। ਜੂਨ 1919 ਈ: ਵਿੱਚ ਉਹ ਭਾਰਤ ਵਾਪਸ ਆਇਆ ਅਤੇ ਕੁੱਝ ਸਮਾਂ ਰੁਕਣ ਤੋਂ ਬਾਅਦ ਫ਼ਿਰ ਯੁਗਾਂਡਾ ਰੇਲਵੇ ਵਰਕਸ਼ਾਪ ਵਿੱਚ ਕੰਮ ਕਰਨ ਲਈ ਬ੍ਰਿਟਿਸ਼ ਈਸਟ ਅਫ਼ਰੀਕਾ ਦੇ ਸ਼ਹਿਰ ਮੋਬਾਸਾ ਚਲਾ ਗਿਆ। 1922 ਈ: ਵਿੱਚ ਵਾਪਸ ਪਹੁੰਚਿਆ ਅਤੇ ਅੰਮ੍ਰਿਤਸਰ ਇੱਕ ਦੁਕਾਨ ਖੋਲ੍ਹ ਲਈ। ਲੱਗਦਾ ਹੈ, ਕਿ ਉਹ ਨੈਰੋਬੀ ਵਿੱਚ ਹੀ ਗ਼ਦਰ ਪਾਰਟੀ ਦੇ ਕ੍ਰਾਂਤੀਕਾਰੀਆਂ ਦੇ ਸੰਪਰਕ ਵਿੱਚ ਆ ਚੁੱਕਾ ਸੀ। ਮਗਰੋਂ ਅੰਮ੍ਰਿਤਸਰ ਸ਼ਹਿਰ ਇਹ ਦੁਕਾਨ ਕ੍ਰਾਂਤੀਕਾਰੀ ਗਤੀਵੀਧੀਆਂ ਦਾ ਕੇਂਦਰ ਬਣ ਗਈ। ਅਫ਼ਰੀਕਾ ਜਾਣ ਤੋਂ ਪਹਿਲਾਂ ਉਹ ਕ੍ਰਾਂਤੀਕਾਰੀਆਂ ਡਾ. ਸੈਫ਼ੂਦੀਨ ਕਿਚਲੂ, ਸਰਦਾਰ ਅਜੀਤ ਸਿੰਘ, ਬਸੰਤ ਸਿੰਘ, ਬਾਬਾ ਭਾਗ ਸਿੰਘ ਅਤੇ ਮਾਸਟਰ ਮੋਤਾ ਸਿੰਘ ਨੂੰ ਚੁੱਕਾ ਸੀ। ਉਸਨੂੰ ਕਰਤਾਰ ਸਿੰਘ ਸਰਾਭਾ ਦੀ ਗ਼ਦਰ ਪਾਰਟੀ ਦੀ ਪੂਰੀ ਜਾਣਕਾਰੀ ਸੀ। ਜਲ੍ਹਿਆਂਵਾਲਾ-ਬਾਗ ਖ਼ੂਨੀ ਸਾਕਾ, ਜਨਰਲ ਡਾਇਰ ਨੂੰ ਸਿਰੋਪਾ ਤੇ ਨਨਕਾਣਾ ਸਾਹਿਬ ਦਾ ਦੁਖਾਂਤ (ਫਰਵਰੀ 1921) ਵੀ ਉਸਨੂੰ ਅੱਖਾਂ ਵਿੱਚ ਰੜਕ ਰਿਹਾ ਸੀ। ਸੰਨ 1923 ਵਿੱਚ ਕੁੱਝ ਸਮਾਂ ਉਸਨੇ ਹਿੰਸਕ ਬੱਬਰ ਅਕਾਲੀ ਲਹਿਰ ਵਿੱਚ ਵੀ ਕੰਮ ਕੀਤਾ। ਉਹ ਗ਼ਦਰ ਪਾਰਟੀ ਦਾ ਸਾਹਿਤ ਬਹੁਤ ਦਿਲਚਸਪੀ ਨਾਲ ਪੜ੍ਹਦਾ ਸੀ। 1924 ਦੇ ਸ਼ੁਰੂ ਵਿੱਚ ਉਹ ਅਮਰੀਕਾ ਚਲਾ ਗਿਆ ਤੇ ਗ਼ਦਰ ਪਾਰਟੀ ਦੇ ਸਰਗਰਮ ਮੈਂਬਰ ਵਜੋਂ ਕੰਮ ਕਰਨ ਲੱਗਾ। ਉਸਨੇ ਗ਼ੈਰ-ਕਾਨੂੰਨੀ ਤੌਰ ’ਤੇ ਪੰਜਾਬੀ ਪ੍ਰਵਾਸੀਆਂ ਨੂੰ ਚੋਰੀ ਛਿੱਪੇ ਮੈਕਸੀਕੋ ਤੇ ਕੈਲੇਫ਼ੋਰਨੀਆ ਪਹੁੰਚਣ ਵਿੱਚ ਮੱਦਦ ਕੀਤੀ ਅਤੇ ਇੰਜ਼ ਉਨ੍ਹਾਂ ਨੂੰ ਗ਼ਦਰ ਪਾਰਟੀ ਦੇ ਪ੍ਰਭਾਵ ਹੇਠ ਲਿਆਂਦਾ। ਜਾਪਦਾ ਹੈ, ਕਿ ਗ਼ਦਰ ਪਾਰਟੀ ਦੀ ਮੱਦਦ ਨਾਲ ਹੀ ਉਸਦਾ ਭਗਤ ਸਿੰਘ ਨਾਲ ਭਾਰਤ ਵਿੱਚ ਰਾਬਤਾ ਕਾਇਮ ਹੋਇਆ।ਉਸਨੇ ਇੱਕ ਆਜ਼ਾਦ ਪਾਰਟੀ ਵੀ ਬਣਾਈ ਜਿਹੜੀ ਗ਼ਦਰ ਪਾਰਟੀ ਦੀ ਹੀ ਸ਼ਾਖਾ ਸੀ।


ਊਧਮ ਸਿੰਘ ਅਮਰੀਕਾ ਤੋਂ ਫ਼ਰਾਸ, ਜਰਮਨੀ, ਬੈਲਜੀਅਮ, ਸਵਿਟਜ਼ਰਲੈਂਡ, ਪੋਲੈਂਡ, ਹੰਗਰੀ ਅਤੇ ਇਟਲੀ ਗਿਆ। ਉਸਨੇ ਗ਼ਦਰ ਪਾਰਟੀ ਦੇ ਨੇਤਾਵਾਂ ਨਾਲ ਕੈਨੇਡਾ, ਅਮਰੀਕਾ, ਈਰਾਨ ਅਤੇ ਸਿੰਘਾਪੁਰ ਵਿੱਚ ਸੰਪਰਕ ਕਾਇਮ ਕੀਤੇ। ਜੁਲਾਈ 1927 ਈ: ਵਿੱਚ ਊਧਮ ਸਿੰਘ ਨੇ ਭਗਤ ਸਿੰਘ ਅਤੇ ਗ਼ਦਰ ਪਾਰਟੀ ਦੇ ਮੈਬਰਾਂ ਲਈ ਹਥਿਆਰ ਤੇ ਪੈਸੇ ਲਿਆ ਕੇ ਦਿੱਤੇ ਅਤੇ ਫ਼ਿਰ ਕ੍ਰਾਂਤੀਕਾਰੀ ਸਰਗਰਮੀਆਂ ਵਿੱਚ ਰੁੱਝ ਗਿਆ।ਇਸ ਤਰ੍ਹਾਂ ਲਗਦਾ ਹੈ, ਕਿ ਇਸ ਸਮੇਂ ਗ਼ਦਰ ਪਾਰਟੀ ਦੇ ਕਾਰਕੁਨ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ ਤੇ ਆਪਸ ਵਿੱਚ ਮਿਲ ਕੇ ਕੰਮ ਕਰ ਰਹੇ ਸਨ।

23 ਮਾਰਚ, 1931 ਨੂੰ ਭਗਤ ਸਿੰਘ ਦੇ ਫ਼ਾਸੀ ਲੱਗਣ ਤੋਂ ਬਾਅਦਊਧਮ ਸਿੰਘ ਕਾਫ਼ੀ ਉਦਾਸ ਅਤੇ ਗੰਭੀਰ ਸੀ।ਦੂਜਾ ਵਿਸ਼ਵ-ਯੁੱਧ (1939-45) ਸ਼ੁਰੂ ਹੋ ਚੁੱਕਾ ਸੀ ਅਤੇ ਗ਼ਦਰ ਪਾਰਟੀ ਮਹਿਸੂਸ ਕਰ ਰਹੀ ਸੀ ਕਿ ਹੁਣ ਸਮਾਂ ਆ ਗਿਆ ਹੈ ਕਿ ਭਾਰਤ ਨੂੰ ਅੰਗ੍ਰੇਜ਼ਾਂ ਤੋਂ ਆਜ਼ਾਦ ਕਰਾਇਆ ਜਾਵੇ। ਊਧਮ ਸਿੰਘ ਅਜਿਹੇ ਮੌਕੇ ਦੀ ਭਾਲ ਵਿੱਚ ਸੀ। 13 ਮਾਰਚ, 1940 ਨੂੰ ਕੈਕਸਟਨ ਹਾਲ, ਲੰਡਨ ਵਿੱਚ ਗੋਰੇ ਅੰਗ੍ਰੇਜ਼ਾਂ ਦੀ ਮੀਟਿੰਗ ਚੱਲ ਰਹੀ ਸੀ ਕਿ ਕਿਵੇਂ ਭਾਰਤ ਤੇ ਹੋਰ ਦੇਸ਼ਾਂ ’ਤੇ ਆਪਣਾ ਘੇਰਾ ਕਾਇਮ ਰੱਖਿਆ ਜਾਵੇ। ਊਧਮ ਸਿੰਘ ਨੇ ਇਸ ਮੀਟਿੰਗ ਦੇ ਪੂਰਾ ਹੋਣ ’ਤੇ ਉੱਥੇ ਗੋਲੀ ਚਲਾ ਕੇ ਪੰਜਾਬ ਦੇ ਸਾਬਕਾ ਗਵਰਨਰ ਸਰ ਮਾਈਕਲ ਫਰਾਂਸਿਸ ਓਡਵਾਇਰ ਨੂੰ ਥਾਂ ਹੀ ਖਤਮ ਕਰ ਦਿੱਤਾ ਅਤੇ ਲਾਰਡ ਜੈਂਟਲੈਂਡ, ਲਾਰਡ ਲਮਿੰਗਟਨ ਤੇ ਸਰ ਲੁਈਸ ਡੇਨ ਨੂੰ ਜ਼ਖਮੀ ਕਰ ਦਿੱਤਾ।ਸੰਨ 1939-40 ਦੀਆਂ ਡਾਇਰੀਆਂ ਵਿੱਚ ਮਿਲੇ ਸਾਬਕਾ ਵਾਇਸਰਾਏ ਲਾਰਡ ਵੈਲਿੰਗਟਨ ਦੇ ਐਡਰੈਸ ਸਾਬਤ ਕਰਦੇ ਹਨ, ਕਿ ਉਹ ਉਸਨੂੰ ਵੀ ਮਾਰਨਾ ਚਾਹੁੰਦਾ ਸੀ ਕਿਉਂਕਿ 1931 ਵਿੱਚ ਭਗਤ ਸਿੰਘ ਨੂੰ ਫ਼ਾਸੀ ਸਮੇਂ ਵੈਲਿੰਗਟਨ ਹੀ ਭਾਰਤ ਦਾ ਵਾਇਸ-ਰਾਏ ਸੀ। ਜੈਂਟਲੈਂਡ ਉਸ ਵੇਲੇ ਸੈਕਟਰੀ ਆਫ਼ ਸਟੇਟ ਫ਼ਾਰ ਇੰਡੀਆ ਸੀ ਤੇ ਗ਼ਦਰ ਪਾਰਟੀ ਸਮਝਦੀ ਸੀ ਕਿ ਭਾਰਤੀ ਲੋਕਾਂ ਦੀ ਇੱਛਾ ਵਿਰੁੱਧ ਉਨ੍ਹਾਂ ਨੂੰ ਦੂਜੀ ਸੰਸਾਰ-ਜ਼ੰਗ ਵਿੱਚ ਧਕੇਲ ਦਿੱਤਾ ਹੈ।

ਮਾਈਕਲ ਓਡਵਾਇਰ ਤਾਂ ਪਿਛਲੇ 20 ਵਰ੍ਹੇ ਤੋਂ ਉਸ ਦੀਆਂ ਨਜ਼ਰਾਂ ਵਿੱਚ ਸੀ। ਇੱਕ ਤਾਂ ਉਸਨੇ ਗਵਰਨਰੀ ਸਮੇਂ ਗ਼ਦਰ ਪਾਰਟੀ ਦੇ ਕਈ ਦੇਸ਼-ਪ੍ਰੇਮੀਆਂ ਨੂੰ ਫ਼ਾਸੀ ਲਟਕਾਇਆ ਤੇ ਹੋਰਾਂ ਨੂੰ ਤਸੀਹੇ ਦਿੱਤੇ। ਦੂਜੇ, ਉਸਨੇ ਪਹਿਲੇ ਵਿਸ਼ਵ-ਯੁੱਧ (1914-18) ਦੌਰਾਨ ਪੇਂਡੂ ਲੋਕਾਂ ’ਤੇ ਜ਼ੁਲਮ ਦਾ ਦੌਰ ਸ਼ੁਰੂ ਕੀਤਾ। ਤੀਜੇ, ਜਲ੍ਹਿਆਂਵਾਲਾ-ਬਾਗ਼ ਦੀਆਂ ਮੌਤਾਂ ਅਤੇ ਫ਼ਿਰ ਮਾਰਸ਼ਲ ਲਾਅ ਕਾਰਨ ਓਡਵਾਇਰ ਊਧਮ ਸਿੰਘ ਲਈ ਜ਼ਾਲਮ ਬਣ ਚੁੱਕਾ ਸੀ। ਅਸਲ ਵਿੱਚ ਊਧਮ ਸਿੰਘ ਭਾਰਤੀ ਮਾਮਲਿਆਂ ਨਾਲ ਜੁੜੇ ਆਦਮੀਆਂ ਨੂੰ ਆਪਣਾ ਨਿਸ਼ਾਨਾ ਬਣਾਉਣਾ ਚਾਹੁੰਦਾ ਸੀ।

ਆਖ਼ਰ 5 ਜੂਨ, 1940 ਨੂੰ ਸਜ਼ਾ ਹੋਣ ਸਮੇਂ ਉਸਨੇ ਇੱਕ ਲਿਖਤੀ ਬਿਆਨ ਪੜ੍ਹਿਆ ਜਿਸ ਵਿੱਚ ਉਸਨੇ ਅੰਗ੍ਰੇਜ਼ ਸਾਮਰਾਜਵਾਦ ਦੀ ਲੁੱਟ-ਖਸੁੱਟ ਅਤੇ ਹਿੰਸਕ ਨੀਤੀ ਦੀ ਕਰੜੀ ਨਿੰਦਿਆ ਕੀਤੀ। ਉਸਨੇ ਕਿਹਾ ਕਿ ਉਹ ਅੰਗ੍ਰੇਜ਼ਾਂ ਨੂੰ ਨਹੀਂ ਸਗੋਂ ਅੰਗ੍ਰੇਜ਼ ਸਾਮਰਾਜਵਾਦੀਆਂ ਨੂੰ ਨਫ਼ਰਤ ਕਰਦਾ ਹੈ। ਪ੍ਰੰਤੂ ਅੰਗ੍ਰੇਜ਼ ਸਰਕਾਰ ਨੇ ਗ਼ਦਰ ਪਾਰਟੀ ਦੇ ਇਸ ਪ੍ਰਸਿੱਧ ਅਤੇ ਸਰਗਰਮ ਨਾਇਕ ਨੂੰ 31 ਜੁਲਾਈ, 1940 ਈ: ਨੂੰ ਫ਼ਾਸੀ ਦੇ ਕੇ ਸ਼ਹੀਦ ਕਰ ਦਿੱਤਾ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ, ਕਿ ਆਪਣੀ ਲੰਮੀ ਕ੍ਰਾਂਤੀਕਾਰੀ ਗਤੀਵਿਧੀਆਂ ਦੌਰਾਨ ਉਸਨੇ ਬਹੁਤ ਨਾਂ ਬਦਲੇ ਜਿਨ੍ਹਾਂ ਵਿੱਚ ਊਦੇ ਸਿੰਘ, ਊਧਮ ਸਿੰਘ, ਫਰੈਂਕ ਬਰਾਜ਼ੀਲ, ਅਤੇ ਮੁਹੰਮਦ ਸਿੰਘ ਆਜ਼ਾਦ ਸ਼ਾਮਲ ਸਨ। ਪਰ ਉਸਦਾ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਬਿਲਕੁੱਲ ਨਹੀਂ ਸੀ। ਕਿਉਂਕਿ ਇਹ ਨਾਂ ਉਸਦੀ ਇੱਕ ਬਾਂਹ ’ਤੇ ਉਕਰਿਆ ਹੋਇਆ ਸੀ ਅਤੇ ਇਹ ਉਸਦਾ ਅੰਤਲਾ ਨਾਂ ਸੀ। ਉਹ ਨਾ ਸਿਰਫ਼ ਗੁਲਾਮੀ, ਲੁੱਟ-ਖਸੁੱਟ ਤੇ ਜਬਰ/ਜ਼ੁਲਮ ਦਾ ਹੀ ਵਿਰੋਧੀ ਸੀ ਸਗੋਂ ਉਹ ਗੈਰ-ਮਨੁੱਖੀ ਸਰਗਰਮੀਆਂ ਨੂੰ ਇਤਿਹਾਸਕ ਵੰਗਾਰ ਦੇਣ ਦੇ ਵੀ ਕਾਬਲ ਸੀ। ਇਸੇ ਲਈ ਉਹ ਅੰਗ੍ਰੇਜ਼ ਅਦਾਲਤ ਵਿੱਚ ਹੱਥ ਉੱਪਰ ਚੁੱਕ ਕੇ ‘ਇਨ-ਕਲਾਬ-ਜ਼ਿੰਦਾਬਾਦ’ ਅਤੇ ਅੰਗ੍ਰੇਜ਼ ‘ਸਾਮਰਾਜਵਾਦ ਮੁਰਦਾਵਾਦ’ ਦੇ ਨਾਅਰੇ ਲਾਉਂਦਾ ਹੋਇਆ ਸੰਸਾਰ ਦੇ ਇਤਿਹਾਸ ਵਿੱਚ ਹਮੇਸ਼ਾ ਲਈ ਅਰਮ ਹੋ ਗਿਆ।

# ਇੱਕ ਹੀ ਉਦੇਸ਼ ਅਤੇ ਸਥਾਨ ਲਈ ਦੋ ਨਗਰ ਕੀਰਤਨ ਕਿਉਂ



ਜਸਵੰਤ ਸਿੰਘ ‘ਅਜੀਤ’

ਦਿੱਲੀ ਦੀ ਸਿੱਖ ਰਾਜਨੀਤੀ 'ਚ ਅੱਜਕੱਲ੍ਹ ਇੱਕ ਹੀ ਉਦੇਸ਼ ਅਤੇ ਸਥਾਨ ਲਈ ਦੋ ਨਗਰ ਕੀਰਤਨਾਂ ਦਾ ਆਯੋਜਨ ਕੀਤੇ ਜਾਣ ਦਾ ਮੁੱਦਾ ਮੁੱਖ ਤੌਰ 'ਤੇ ਚਰਚਾ ਦਾ ਵਿਸ਼ਾ ਬਣਿਆ ਪਿਆ ਹੈ। ਦਿੱਲੀ ਗੁਰ-ਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਇਸ ਮੁੱਦੇ ਦੇ ਹੱਲ ਲਈ ਵਿਚੋਲਗੀ ਦੀ ਪੇਸ਼ਕਸ਼ ਕੀਤੀ ਹੈ, ਪਰ ਸਵਾਲ ਇਹ ਹੈ ਕਿ ਦੋਵੇਂ ਧਿਰਾਂ ਇਸ ਮੁੱਦੇ ਬਾਰੇ ਕਿਸੇ ਇੱਕ ਫੈਸਲੇ 'ਤੇ ਇਕਮਤ ਹੋਣ ਲਈ ਤਿਆਰ ਹੋ ਸਕਣਗੀਆਂ? ਇਸ ਸਵਾਲ ਦੇ ਪੈਦਾ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਮੁਖੀ ਸਰਨਾ ਭਰਾ ਇਸ ਨਗਰ ਕੀਰਤਨ ਦੇ ਆਯੋਜਨ ਅਤੇ ਇਸ ਨੂੰ ਸਫਲ ਬਣਾਉਣ ਬਾਰੇ ਦੋ ਸਾਲਾਂ ਤੋਂ ਤਿਆਰੀਆਂ ਕਰਨ 'ਚ ਰੁੱਝੇ ਹੋਏ ਹਨ। ਇਸ ਦੌਰਾਨ ਉਨ੍ਹਾਂ ਨੇ ਨਾ ਸਿਰਫ ਵੱਖ-ਵੱਖ ਪੱਧਰਾਂ 'ਤੇ ਜ਼ਰੂਰੀ ਮਨਜ਼ੂਰੀਆਂ ਹਾਸਲ ਕੀਤੀਆਂ, ਸਗੋਂ ਆਮ ਸਹਿਮਤੀ ਬਣਾਉਣ ਤੇ ਸਹਿਯੋਗ ਹਾਸਲ ਕਰਨ ਲਈ ਵੱਖ-ਵੱਖ ਸੰਸਥਾਵਾਂ ਤੇ ਜਥੇਬੰਦੀਆਂ ਦੇ ਮੁਖੀਆਂ ਤੱਕ ਵੀ ਪਹੁੰਚ ਕੀਤੀ ਹੋਈ ਹੈ। ਉਨ੍ਹਾਂ ਨੇ ਆਪਣੇ ਵਿਰੋਧੀ ਦਿੱਲੀ ਗੁਰਦੁਆਰਾ ਕਮੇਟੀ ਦੇ ਮੁਖੀਆਂ ਦਾ ਸਹਿਯੋਗ ਹਾਸਲ ਕਰਨ ਦੇ ਉਦੇਸ਼ ਨਾਲ ਉਨ੍ਹਾਂ ਵੱਲ ਵੀ ਹੱਥ ਵਧਾਇਆ। ਇਹ ਗੱਲ ਵੱਖਰੀ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਉਨ੍ਹਾਂ ਨੂੰ ਮਿਲਣ ਲਈ ਸਮਾਂ ਦੇਣ ਤੋਂ ਵੀ ਨਾਂਹ ਕਰ ਦਿੱਤੀ, ਜਦ ਕਿ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਮਿਲ ਕੇ ਪਹਿਲਾਂ ਉਨ੍ਹਾਂ ਨੂੰ ਸਹਿਯੋਗ ਦੇਣ ਦਾ ਵਾਅਦਾ ਕੀਤਾ ਅਤੇ ਫਿਰ ਦੂਸਰੇ ਪਲ ਇਹ ਕਹਿ ਕੇ ਵਾਅਦੇ ਤੋਂ ਮੁਨਕਰ ਹੋਣ ਦਾ ਸੰਕੇਤ ਦੇ ਦਿੱਤਾ ਕਿ ਕਿਸੇ ਸਿਆਸੀ ਪਾਰਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਨਗਰ ਕੀਰਤਨ ਦਾ ਆਯੋਜਨ ਹੀ ਨਹੀਂ ਕੀਤਾ ਜਾ ਸਕਦਾ। ਮੰਨਿਆ ਜਾਂਦਾ ਕਿ ਚੰਗਾ ਹੁੰਦਾ ਕਿ ਉਸ ਸਮੇਂ ਮਨਜਿੰਦਰ ਸਿੰਘ ਸਿਰਸਾ ਅਤੇ ਹਰਮੀਤ ਸਿੰਘ ਕਾਲਕਾ ਦੋਵੇਂ ਹੀ ਪਰਮਜੀਤ ਸਿੰਘ ਸਰਨਾ ਨੂੰ ਮਿਲਣ ਪਹੁੰਚੇ ਵਫਦ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਵੱਲੋਂ ਸਹਿਯੋਗ ਕਰਨ ਦੀ ਮੰਗ ਨੂੰ ਉਸੇ ਤਰ੍ਹਾਂ ਮੰਨ ਲੈਂਦੇ, ਜਿਵੇਂ ਮਨਜੀਤ ਸਿੰਘ ਜੀ ਕੇ ਨੇ ਸਰਨਾ ਭਰਾਵਾਂ ਨਾਲ ਸਿਆਸੀ ਮਤਭੇਦ ਦੇ ਬਾਵਜੂਦ ਉਨ੍ਹਾਂ ਵੱਲੋਂ ਕੀਤੀ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਦੀ ਪੇਸ਼ਕਸ਼ ਨੂੰ ਸਵੀਕਾਰ ਕਰ ਕੇ ਮਿਸਾਲ ਕਾਇਮ ਕੀਤੀ। ਜੇ ਉਹ ਸਰਨਾ ਭਰਾਵਾਂ ਦੀ ਪੇਸ਼ਕਸ਼ ਨੂੰ ਸਵੀਕਾਰ ਕਰ ਲੈਂਦੇ ਤਾਂ ਉਹ ਗੁਰਦੁਆਰਾ ਬੰਗਲਾ ਸਾਹਿਬ ਤੋਂ ਨਗਰ ਕੀਰਤਨ ਦੀ ਸ਼ੁਰੂਆਤ ਦੀ ਤਿਆਰੀ ਦਾ ਸਾਰਾ ਕੰਮ ਆਪਣੀ ਨਿਗਰਾਨੀ 'ਚ ਕਰਵਾ ਕੇ ਨਗਰ ਕੀਰਤਨ ਦੀ ਸ਼ੁਰੂਆਤ ਦਾ ਸਾਰਾ ਮੇਲਾ ਲੁੱਟ ਕੇ ਆਪਣੇ ਨਾਂਅ ਕਰ ਸਕਦੇ ਸਨ, ਪਰ ਕਿਹਾ ਜਾਂਦਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦਿੱਲੀ ਵੱਲੋਂ ਕੀਤੇ ਜਾ ਰਹੇ ਨਗਰ ਕੀਰਤਨ ਨੂੰ ਕਿਸੇ ਵੀ ਕੀਮਤ 'ਤੇ ਅਸਫਲ ਕਰਨ ਅਤੇ ਉਸ ਦੀ ਚਮਕ ਨੂੰ ਫਿੱਕਾ ਕਰਨ ਤੁਲੇ ਹੋਏ ਹਨ।

ਜਾਣਕਾਰ ਸੂਤਰਾਂ ਅਨੁਸਾਰ ਇਸ ਦੇ ਲਈ ਉਨ੍ਹਾਂ ਨੂੰ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸ਼ਹਿ ਅਤੇ ਮਨਜਿੰਦਰ ਸਿੰਘ ਸਿਰਸਾ ਨਾਲ ਜੁੜੇ ਚੱਲੇ ਆ ਰਹੇ ਭਾਜਪਾ ਦੇ ਇੱਕ ਧੜੇ ਦਾ ਸਹਿਯੋਗ ਮਿਲ ਰਿਹਾ ਹੈ। ਪਤਾ ਲੱਗਾ ਹੈ ਕਿ ਅਕਾਲੀ ਦਲ ਬਾਦਲ ਵੱਲੋਂ ਮਿਲੀ ਸ਼ਹਿ ਅਤੇ ਭਾਜਪਾ ਦੇ ਇੱਕ ਧੜੇ ਵੱਲੋਂ ਮਿਲੇ ਸਹਿਯੋਗ ਦੇ ਸਹਾਰੇ ਦਿੱਲੀ ਗੁਰ-ਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਪਹਿਲਾਂ ਨਗਰ ਕੀਰਤਨ ਦਾ ਆਯੋਜਨ ਪੰਜ ਨਵੰਬਰ ਨੂੰ ਕਰਨ ਦਾ ਐਲਾਨ ਕੀਤਾ, ਬਾਅਦ ਵਿੱਚ ਇਸ ਦੀ ਤਰੀਕ ਬਦਲ ਕੇ 29 ਅਤੇ ਫਿਰ 28 ਅਕਤੂਬਰ ਕਰ ਦਿੱਤੀ। ਜਦੋਂ ਸਰਨਾ ਭਰਾਵਾਂ ਨੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਦੋਵਾਂ ਨਗਰ ਕੀਰਤਨਾਂ ਦਾ ਆਯੋਜਨ ਕਰਨ ਅਤੇ ਹੋਣ ਵਾਲੇ ਸੰਭਾਵਿਤ ਟਕਰਾਅ ਤੋਂ ਬਚਣ ਲਈ ਆਪਣੇ ਵੱਲੋਂ ਆਯੋਜਤ ਨਗਰ ਕੀਰਤਨ ਦਾ ਥਾਂ ਗੁਰਦੁਆਰਾ ਬੰਗਲਾ ਸਾਹਿਬ ਤੋਂ ਗੁਰਦੁਆਰਾ ਨਾਨਕ ਪਿਆਊ ਬਦਲ ਦਿੱਤਾ ਤਾਂ ਗੁਰਦੁਆਰਾ ਕਮੇਟੀ ਦੇ ਮੁਖੀਆਂ ਨੂੰ ਲੱਗਾ ਕਿ ਜੇ ਉਹ ਆਪਣੇ ਨਗਰ ਕੀਰਤਨ ਸਥਾਨ ਗੁਰੂ ਨਾਨਕ ਪਿਆਊ ਕਰਦੇ ਹਨ ਤਾਂ ਪੂਰੀ ਤਰ੍ਹਾਂ ਨੰਗੇ ਹੋ ਜਾਣਗੇ। ਇਸ ਲਈ ਉਨ੍ਹਾਂ ਨੇ ਇਹ ਸੋਚ ਕੇ ਕਿ ਜੇ ਉਹ ਨਗਰ ਕੀਰਤਨ ਦਾ ਆਯੋਜਨ ਪਹਿਲਾਂ ਕਰ ਲੈਂਦੇ ਹਨ ਤਾਂ ਰਸਤੇ 'ਚ ਉਸ ਨੂੰ ਜੋ ਸਵਾਗਤ-ਸਨਮਾਨ ਮਿਲੇਗਾ, ਉਸ ਦੇ ਮੁਕਾਬਲੇ 15 ਦਿਨ ਬਾਅਦ ਆਯੋਜਤ ਹੋਣ ਵਾਲੇ ਨਗਰ ਕੀਰਤਨ ਨੂੰ ਨਹੀਂ ਮਿਲ ਸਕੇਗਾ, ਇਸ ਲਈ ਉਨ੍ਹਾਂ ਆਪਣੇ ਨਗਰ ਕੀਰਤਨ ਦਾ ਆਯੋਜਨ 13 ਅਕਤੂਬਰ ਨੂੰ ਕਰਨ ਦਾ ਫੈਸਲਾ ਕਰ ਲਿਆ। ਕਿਹਾ ਜਾ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਦੇ ਇੱਕ ਧੜੇ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਦਿੱਲੀ, ਹਰਿਆਣਾ ਅਤੇ ਪੰਜਾਬ 'ਚ ਉਨ੍ਹਾਂ ਵੱਲੋਂ ਆਯੋਜਤ ਨਗਰ ਕੀਰਤਨ ਦਾ ਅਜਿਹਾ ਭਾਰੀ ਸਵਾਗਤ ਹੋਵੇਗਾ ਕਿ ਉਸ ਦੇ ਮੁਕਾਬਲੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ 15 ਦਿਨਾਂ ਬਾਅਦ 'ਹੋਣ ਵਾਲੇ ਨਗਰ ਕੀਰਤਨ ਦਾ ਸਵਾਗਤ ਫਿੱਕਾ ਲੱਗੇਗਾ। ਵੇਖਣਾ ਹੋਵੇਗਾ ਕਿ ਇਨ੍ਹਾਂ ਨਗਰ ਕੀਰਤਨਾਂ ਪ੍ਰਤੀ ਦਿੱਲੀ, ਹਰਿਆਣਾ, ਪੰਜਾਬ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਅਤੇ ਸੰਗਤਾਂ ਦਾ ਵਤੀਰਾ ਕਿਹੋ ਜਿਹਾ ਰਹਿੰਦਾ ਹੈ।

ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਮਨਾਏ ਜਾਣ ਲਈ ਵੱਖ ਵੱਖ ਸੰਸਥਾਵਾਂ ਵੱਲੋਂ ਆਯੋਜਤ ਕੀਤੇ ਜਾ ਰਹੇ ਪ੍ਰੋਗਰਾਮਾਂ ਦਾ ਜਾਇਜ਼ ਲੈਂਦੇ ਹੋਏ ਕਿਹਾ ਹੈ ਕਿ ਹੈਰਾਨੀ ਦੀ ਗੱਲ ਹੈ ਕਿ ਇਸ ਮੌਕੇ 'ਤੇ ਕਈ ਮਹੱਤਵ ਪੂਰਨ ਪ੍ਰੋਗਰਾਮ ਆਯੋਜਤ ਕੀਤੇ ਜਾ ਰਹੇ ਹਨ, ਪਰ ਕਿਸੇ ਸਿੱਖ ਸੰਸਥਾ ਨੇ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਸਥਾਨਾਂ, ਹਰਿਦੁਆਰ ਸਥਿਤ ਗੁਰਦੁਆਰਾ ਗਿਆਨ ਗੋਦੜੀ ਅਤੇ ਸਿੱਕਮ ਦੇ ਗੁਰਦੁਆਰਾ ਡਾਂਗ ਮਾਰ ਸਾਹਿਬ ਨੂੰ ਆਜ਼ਾਦ ਕਰਵਾਏ ਜਾਣ ਦੇ ਸੰਬੰਧ ਵਿੱਚ ਕੋਈ ਪ੍ਰੋਗਰਾਮ ਨਹੀਂ ਦਿੱਤਾ ਅਤੇ ਨਾ ਕਿਸੇ ਨੇ ਸਰਕਾਰ ਤੱਕ ਪਹੁੰਚ ਕਰ ਕੇ ਇਹ ਮੰਗ ਕੀਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਇਤਿਹਾਸਕਤਾ ਪ੍ਰਦਾਨ ਕਰਨ ਲਈ ਇਹ ਇਤਿਹਾਸਕ ਸਥਾਨ ਪੰਥ ਨੂੰ ਸੌਂਪਣ ਵੱਲ ਕਦਮ ਵਧਾਇਆ ਜਾਵੇ। ਉਨ੍ਹਾਂ ਕਿਹਾ ਕਿ ਵਿਸ਼ਾਲ ਪ੍ਰੋਗਰਾਮ ਆਯੋਜਤ ਕੀਤੇ ਜਾਣ ਦੀ ਲਾਲਸਾ 'ਚ ਇਨ੍ਹਾਂ ਇਤਿਹਾਸਕ ਸਥਾਨਾਂ ਦੀ ਆਜ਼ਾਦੀ ਲਈ ਆਰੰਭੀ ਹੋਈ ਮੁਹਿੰਮ ਨੂੰ ਬਿਲਕੁਲ ਹੀ ਭੁਲਾ ਦਿੱਤਾ ਗਿਆ ਹੈ।

ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਕੁਲਦੀਪ ਸਿੰਘ ਭੋਗਲ ਦੀ ਅਗਵਾਈ 'ਚ ਨਵੰਬਰ 84 ਦੇ ਪੀੜਤਾਂ ਨੂੰ ਇਨਸਾਫ ਦਿਵਾਏ ਜਾਣ ਦੀ ਸੰਘਰਸ਼ ਕਰ ਰਹੀ ਜਥੇਬੰਦੀ ‘ਕੁਲ ਹਿੰਦ ਦੰਗਾ ਪੀੜਤ ਰਾਹਤ ਕਮੇਟੀ’ ਦਾ ਬੀਤੇ ਦਿਨੀਂ ਮੁੜ ਗਠਨ ਕੀਤਾ ਗਿਆ। ਬੀਤੇ ਵਿੱਚ ਭੋਗਲ ਵੱਲੋਂ ਕੀਤੀਆਂ ਸੇਵਾਵਾਂ ਦਾ ਸਨਮਾਨ ਕਰਦੇ ਹੋਏ ਉਨ੍ਹਾਂ ਨੂੰ ਫਿਰ ਤੋਂ ਕਮੇਟੀ ਦੇ ਪ੍ਰਧਾਨ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਅਤੇ ਪਾਰਲੀਮੈਂਟ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੂੰ ਮੁੱਖ ਸਰਪ੍ਰਸਤ ਅਤੇ ਸਾਬਕਾ ਪਾਰਲੀਮੈਂਟ ਮੈਂਬਰ ਤਰਲੋਚਨ ਸਿੰਘ ਨੂੰ ਸਰਪ੍ਰਸਤ ਬਣਾਇਆ ਗਿਆ। ਹਰਮੀਤ ਸਿੰਘ ਭੋਗਲ ਨੂੰ ਪ੍ਰਧਨਾਨ ਜਨਰਲ ਸਕੱਤਰ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਰਵਿੰਦਰ ਸਿੰਘ ਖੁਰਾਣਾ ਤੇ ਪਰਮਿੰਦਰ ਪਾਲ ਸਿੰਘ ਐਮ ਐਨ ਸਮੇਤ ਚਾਰ ਜਨਰਲ ਸਕੱਤਰ, ਸੱਤ ਮੀਤ ਪ੍ਰਧਾਨ, ਪੰਜ ਸਕੱਤਰ ਅਤੇ ਪੰਜ ਹੀ ਸੰਯੁਕਤ ਸਕੱਤਰ ਬਣਾਏ ਗਏ। ਦਿੱਲੀ ਨਗਰ ਨਿਗਮ ਦੇ ਮੈਂਬਰ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਚੇਅਰਮੈਨ ਪਰਮਜੀਤ ਸਿੰਘ ਰਾਣਾ ਨੇ ਮੰਗ ਕੀਤੀ ਹੈ ਕਿ ਸੋਸ਼ਲ ਮੀਡੀਆ 'ਤੇ ਜਿਹੜੇ ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਿੱਤਰ ਵਿਗਾੜ ਕੇ ਪੇਸ਼ ਕਰ ਰਹੇ ਹਨ, ਉਨ੍ਹਾਂ ਦੀ ਪਛਾਣ ਕਰ ਕੇ ਉਨ੍ਹਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਕਿ ਭਵਿੱਖ ਵਿੱਚ ਫਿਰ ਕੋਈ ਅਜਿਹਾ ਕਰਨ ਦੀ ਹਿੰਮਤ ਨਾ ਕਰ ਸਕੇ।







## ਫਰਜ਼ੀ ਭਰਤੀ ਕੀਤੇ ਕਲਰਕ, ਸਕੂਲਾਂ ਵਿੱਚ ਚੈਕਿੰਗ ਲਈ ਲਿਜਾਂਦਾ ਠੱਗ ਕਾਬੂ



ਹੁਸ਼ਿਆਰਪੁਰ, 30 ਜੁਲਾਈ (ਪੋਸਟ ਬਿਊਰੋ)- ਸਿਖਿਆ ਵਿਭਾਗ ਵਿੱਚ ਕਲਰਕ ਦੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਨੌਂ ਲੱਖ ਰੁਪਏ ਦੀ ਠੱਗੀ ਕਰਨ ਵਾਲੇ ਨੌਸਰਬਾਜ਼ ਨੂੰ ਲੋਕਾਂ ਨੇ ਜੰਮ ਕੇ ਕੁੱਟਿਆ ਅਤੇ ਫਿਰ ਪੁਲਸ ਦੇ ਹਵਾਲੇ ਕਰ ਦਿੱਤਾ। ਦੋਸ਼ੀ ਦੀ ਪਛਾਣੇ ਮਹੇਸ਼ ਕੁਮਾਰ ਉਰਫ ਜੱਗੀ ਵਾਸੀ ਕਪੂਰਥਲਾ ਵਜੋਂ ਹੋਈ ਹੈ। ਉਹ ਖੁਦ ਨੂੰ ਸਿਖਿਆ ਵਿਭਾਗ ਮੋਹਾਲੀ ਵਿੱਚ ਸੁਪਰਡੈਂਟ ਦੱਸਦਾ ਸੀ ਅਤੇ ਉਨ੍ਹਾਂ ਨੂੰ ਨੌਕਰੀ ਦਾ ਝਾਂਸਾ ਦੇ ਕੇ ਪੈਸੇ ਠੱਗਦਾ ਸੀ।

ਇਸ ਠੱਗ ਦੇ ਨਾਲ ਆਏ ਜਤਿੰਦਰ, ਅਨਿਲ, ਸੰਜੀਵ, ਮਨੀਸ਼ ਅਤੇ ਮਨਿੰਦਰ ਨੇ ਦੱਸਿਆ ਕਿ ਇਸ ਠੱਗ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਨ੍ਹਾਂ ਦੀ ਨੌਕਰੀ ਲੱਗ ਗਈ ਹੈ। ਹਾਜ਼ਰੀ ਲਾਉਣੀ ਸ਼ੁਰੂ ਕਰ ਦਿੱਤੀ, ਪਰੰਤੂ ਜਦ ਤਨਖਾਹ ਦੇਣ ਦੀ ਵਾਰੀ ਆਈ ਤਾਂ ਉਹ ਕੋਈ ਨਾ ਕੋਈ ਬਹਾਨਾ ਬਣਾਉਣ ਲੱਗਾ। ਇਸ ਦੌਰਾਨ ਇੱਕ ਨੌਜਵਾਨ ਨੇ ਆਪਣੇ ਤੌਰ ਉਤੇ ਜਾਂਚ ਸ਼ੁਰੂ ਕਰ ਦਿੱਤੀ ਅਤੇ ਜਦ ਸੱਚਾਈ ਸਾਹਮਣੇ ਆਈ ਤਾਂ ਪਤਾ ਲੱਗਾ ਕਿ ਇਸ ਨਾਂਅ ਦਾ ਕੋਈ ਅਧਿਕਾਰੀ ਵਿਭਾਗ ਵਿੱਚ ਹੈ ਹੀ ਨਹੀਂ। ਨੌਜਵਾਨਾਂ ਨੇ ਉਸ ਨੂੰ ਕਾਬੂ ਕਰ ਕੇ ਪੁਲਸ ਦੇ ਹਵਾਲੇ ਕਰ ਦਿੱਤਾ। ਨੌਜਵਾਨਾਂ ਨੇ ਦੱਸਿਆ ਕਿ ਦੋਸ਼ੀ ਨੇ ਇੱਕ ਕਾਰ ਕਿਰਾਏ ਉੱਤੇ ਲਈ ਸੀ ਅਤੇ ਉਸ ਸਮੇਂ ਸਮੇਂ ਉੱਤੇ ਉਹ ਉਨ੍ਹਾਂ ਨੂੰ ਆਪਣੇ ਨਾਲ ਸਕੂਲਾਂ ਵਿੱਚ ਲੈ ਜਾਂਦਾ। ਉਥੇ ਖੁਫੀਆ ਚੈਕਿੰਗ ਦਾ ਬਹਾਨਾ ਲਾ ਕੇ ਸ਼ਾਂਤ ਰਹਿਣ ਲਈ ਕਹਿੰਦਾ। ਸਕੂਲ ਦੇ ਬਾਹਰ ਤਸਵੀਰਾਂ ਖਿੱਚ ਕੇ ਉਹ ਉਨ੍ਹਾਂ ਨੂੰ ਵਾਪਸ ਲੈ ਆਉਂਦਾ। ਇਸ ਬਹਾਨੇ ਉਹ ਉਨ੍ਹਾਂ ਨੂੰ ਅਲੱਗ ਅਲੱਗ ਸਕੂਲਾਂ ਵਿੱਚ ਨੌਕਰੀ ਦੀ ਜਗ੍ਹਾ ਦਿਖਾਉਣ ਦੇ ਬਹਾਨੇ ਲੈ ਜਾਂਦਾ ਅਤੇ ਅਜਿਹਾ ਕਰ ਕੇ ਉਸ ਨੇ ਨੌਜਵਾਨਾਂ ਤੋਂ ਕੁੱਲ ਨੌਂ ਲੱਖ ਰੁਪਏ ਠੱਗ ਲਏ। ਠੱਗੀ ਦੇ ਸ਼ਿਕਾਰ ਮਨੀਸ਼ ਮੁਤਾਬਕ ਉਨ੍ਹਾਂ ਨੂੰ ਕੱਲ੍ਹ ਰਾਤ ਤੋਂ ਕੁਝ ਸ਼ੱਕ ਪੈ ਰਿਹਾ ਸੀ ਕਿ ਉਹ ਭੱਜਣ ਨੂੰ ਫਿਰਦਾ ਹੈ। ਉਸ ਨੇ ਆਪਣੇ ਕਮਰੇ ਤੋਂ ਆਪਣੇ ਕਈ ਕਾਗਜ਼ਾਤ ਅਤੇ ਲੈਪਟਾਪ ਕੱਪੜੇ ਆਦਿ ਬੈਗ ਵਿੱਚ ਪੈਕ ਕਰ ਲਏ ਸਨ। ਕੱਲ੍ਹ ਸਵੇਰ ਤੋਂ ਉਹ ਗਾਇਬ ਸੀ। ਕਾਫੀ ਲੱਭਿਆ ਅਤੇ ਉਸ ਨੂੰ ਅਸੀਂ ਚੰਡੀਗੜ੍ਹ ਰੋਡ 'ਤੇ ਭਗਤ ਸਿੰਘ ਚੌਕ ਦੇ ਨੇੜੇ ਕਾਬੂ ਕਰ ਲਿਆ। ਉਥੇ ਵੀ ਉਹ ਅਫਸਰੀ ਝਾੜਦਾ ਰਿਹਾ।

## ਪੰਜਾਬ ਸਰਕਾਰ ਨੂੰ ਖੱਡਾਂ ਦੀ ਈ-ਨੀਲਾਮੀ ਨਾਲ ਰਿਕਾਰਡ ਕਮਾਈ

* ਸੱਤ ਵਿੱਚੋਂ ਛੇ ਕਲਸਟਰਾਂ ਨਾਲ ਕਮਾਏ 274.75 ਕਰੋੜ
* ਮੋਹਾਲੀ ਦੀ ਈ-ਨੀਲਾਮੀ ਅਜੇ ਹੋਣ ਵਾਲੀ



ਚੰਡੀਗੜ੍ਹ, 30 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੂੰ ਕੁੱਲ ਸੱਤ ਖਦਾਨ ਕਲਸਟਰਾਂ ਵਿੱਚੋਂ ਛੇ ਦੀ ਈ-ਨੀਲਾਮੀ ਨਾਲ 274.75 ਕਰੋੜ ਰੁਪਏ ਆਮਦਨ ਹੋਈ ਹੈ। ਮੋਹਾਲੀ ਕਲਸਟਰ ਦੀ ਨੀਲਾਮੀ ਅਜੇ ਰਹਿੰਦੀ ਹੈ।

ਇਸ ਸੰਬੰਧ ਵਿੱਚ ਪੰਜਾਬ ਦੇ ਮਾਈਨਿੰਗ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਇਸ ਤੋਂ 300 ਕਰੋੜ ਰੁਪਏ ਦੀ ਕਮਾਈ ਦਾ ਟੀਚਾ ਰੱਖਿਆ ਸੀ। ਛੇ ਕਲਸਟਰਾਂ ਦੀ ਨੀਲਾਮੀ ਨਾਲ ਕਮਾਈ ਸਦਕਾ ਇਸ ਟੀਚੇ ਦੀ ਨੱਬੇ ਫੀਸਦੀ ਪੂਰਤੀ ਹੋ ਗਈ ਹੈ ਅਤੇ ਆਸ ਹੈ ਕਿ ਮੋਹਾਲੀ ਦੀ ਨੀਲਾਮੀ ਨਾਲ ਰਾਜ ਸਰਕਾਰ ਨੂੰ ਇਸ ਤੋਂ ਰਿਕਾਰਡ ਕਮਾਈ ਹੋਵੇਗੀ। ਸਰਕਾਰੀਆ ਨੇ ਦੱਸਿਆ ਕਿ ਰੋਪੜ ਦੇ ਕਲਸਟਰ ਤੋਂ 49.84 ਕਰੋੜ ਰੁਪਏ ਦੀ ਕਮਾਈ ਹੋਈ ਹੈ, ਐਸ ਬੀ ਐਸ ਨਗਰ-ਲੁਧਿਆਣਾ-ਜਲੰਧਰ ਕਲਸਟਰ ਦੀ ਨੀਲਾਮੀ 59.02 ਕਰੋੜ ਰੁਪਏ ਵਿੱਚ ਗਈ ਹੈ ਅਤੇ ਫਿਰੋਜ਼ਪੁਰ-ਮੋਗਾ-ਫਰੀਦਕੋਟ ਕਲਸਟਰ ਦੀ ਨੀਲਾਮੀ ਦੇ ਨਾਲ ਸਰਕਾਰ ਨੂੰ 40-30 ਕਰੋੜ ਰੁਪਏ ਮਿਲ ਗਏ ਹਨ। ਹੁਸ਼ਿਆਰਪੁਰ-ਗੁਰਦਾਸਪੁਰ ਕਲਸਟਰ 29.01 ਕਰੋੜ ਰੁਪਏ ਦਾ ਨੀਲਾਮ ਹੋਇਆ ਅਤੇ ਅੰਮ੍ਰਿਤਸਰ-ਤਰਨ ਤਾਰਨ-ਕਪੂਰਥਲਾ ਕਲਸਟਰ ਦੀ ਨੀਲਾਮੀ 34.40 ਰੁਪਏ ਵਿੱਚ ਹੋਈ ਹੈ, ਜਦ ਕਿ ਪਠਾਨਕੋਟ ਕਲਸਟਰ ਵਿੱਚੋਂ ਸਰਕਾਰ ਨੂੰ 62.18 ਕਰੋੜ ਰੁਪਏ ਮਿਲੇ ਹਨ। ਇਸ ਤਰ੍ਹਾਂ ਇਨ੍ਹਾਂ ਛੇ ਕਲਸਟਰਾਂ ਤੋਂ ਕੁੱਲ 274.75 ਕਰੋੜ ਰੁਪਏ ਕਮਾਈ ਹੋਈ ਹੈ। ਉਨ੍ਹਾਂ ਨੇ ਦੱਸਿਆ ਕਿ ਜਿਨ੍ਹਾਂ ਕਲਸਟਰਾਂ ਵਿੱਚ ਖਣਿਜ ਪਦਾਰਥ, ਰੇਤ-ਬਜਰੀ ਆਦਿ ਦੀ ਭਰਮਾਰ ਹੈ, ਓਥੇ ਬੋਲੀ ਦੂਸਰੇ ਕਲਸਟਰਾਂ ਦੇ ਮੁਕਾਬਲੇ ਉਚੀ ਗਈ ਹੈ। ਇੱਕ ਬੁਲਾਰੇ ਅਨੁਸਾਰ ਇਸ ਤੋਂ ਪਹਿਲਾਂ ਕਦੇ ਮਾਈਨਿੰਗ ਤੋਂ ਸਾਲਾਨਾ ਆਮਦਨ 38-40 ਕਰੋੜ ਰੁਪਏ ਤੋਂ ਉਪਰ ਨਹੀਂ ਹੋਈ ਸੀ, ਪ੍ਰੰਤੂ ਮੌਜੂਦਾ ਕਾਂਗਰਸ ਸਰਕਾਰ ਦੀਆਂ ਨੀਤੀਆਂ ਕਾਰਨ ਜਿੱਥੇ ਰੇਤ-ਬਜਰੀ ਤੋਂ ਸਰਕਾਰ ਦੀ ਆਮਦਨ ਵਿੱਚ ਵਾਧਾ ਹੋਇਆ, ਉਥੇ ਆਮ ਲੋਕਾਂ ਨੂੰ ਸਸਤੀ ਰੇਤ-ਬਜਰੀ ਹਾਸਲ ਕਰਾਉਣ ਦੇ ਸਾਰਥਕ ਯਤਨ ਹੋਏ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਰੇਤ ਦੀਆਂ ਕੀਮਤਾਂ ਨੂੰ ਵਧਣ ਤੋਂ ਰੋਕਣ ਲਈ ਸੀਮਾ ਤੈਅ ਕੀਤੀ ਹੋਈ ਹੈ ਅਤੇ ਕੋਈ ਵੀ ਠੇਕੇਦਾਰ ਖਦਾਨਾਂ 'ਤੇ ਪ੍ਰਤੀ 100 ਫੁੱਟ ਦੇ 900 ਰੁਪਏ ਤੋਂ ਵੱਧ ਨਹੀਂ ਲੈ ਸਕਦਾ।

## ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਬੈਂਕ ਖਾਤਿਆਂ ਦੇ ਨੰਬਰ ਦੇਣ ਨੂੰ ਕਿਹਾ

ਚੰਡੀਗੜ੍ਹ, 30 ਜੁਲਾਈ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ ਸਾਰੇ ਕਿਸਾਨਾਂ ਦਾ ਬੈਂਕ ਅਕਾਊਂਟ ਨੰਬਰ ਦੇਵੇ, ਜਿਹੜੇ ਆਪਣੀ ਫਸਲ ਐੱਮ ਐੱਸ ਪੀ (ਘੱਟੋ ਘੱਟ ਖਰੀਦ ਸਹਾਇਕ ਕੀਮਤ) ਉੱਤੇ ਕੇਂਦਰੀ ਪੂਲ ਦੇ ਲਈ ਦਿੰਦੇ ਹਨ। ਕੇਂਦਰ ਨੇ ਕਿਹਾ ਹੈ ਕਿ ਤਦ ਤੱਕ ਰਾਜ ਸਰਕਾਰ ਨੂੰ ਐਡਮਨਿਸਟ੍ਰੇਟਿਵ ਚਾਰਜਿਜ਼ ਨਹੀਂ ਮਿਲਣਗੇ, ਜਦ ਤੱਕ ਰਾਜ ਸਰਕਾਰ ਕਿਸਾਨਾਂ ਨੂੰ ਅਨਾਜ ਦੇ ਬਦਲੇ ਮਿਲੀ ਪੇਮੈਂਟ ਦਾ ਹਿਸਾਬ ਕਿਤਾਬ ਹਾਸਲ ਨਹੀਂ ਕਰਵਾ ਦਿੰਦੀ। ਕੇਂਦਰ ਸਰਕਾਰ ਨੂੰ 2.5 ਫੀਸਦੀ ਦੇ ਹਿਸਾਬ ਨਾਲ ਐਡਮਨਿਸਟ੍ਰੇਟਿਵ ਚਾਰਜਿਜ਼ ਦਿੰਦਾ ਹੈ। ਇੱਕ ਸਾਲ ਵਿੱਚ ਇਹ ਤਕਰੀਬਨ 1200 ਕਰੋੜ ਰੁਪਏ ਬਣ ਜਾਂਦੇ ਹਨ।

ਅਸਲ ਵਿੱਚ ਕੇਂਦਰ ਸਰਕਾਰ ਇਹ ਦੇਖਣਾ ਚਾਹੁੰਦੀ ਹੈ ਕਿ ਜਿਹੜੇ ਕਿਸਾਨ ਆਪਣੀ ਫਸਲ, ਜਿਵੇਂ ਕਣਕ ਅਤੇ ਝੋਨਾ ਐੱਮ ਐੱਸ ਪੀ ਉਤੇ ਕੇਂਦਰੀ ਪੂਲ ਦੇ ਲਈ ਦਿੰਦੇ ਹਨ, ਕੀ ਉਨ੍ਹਾਂ ਨੂੰ ਉਸ ਦੇ ਬਦਲੇ ਪੂਰੀ ਐੱਮ ਐੱਸ ਪੀ ਮਿਲਦੀ ਹੈ ਤੇ ਪੇਮੈਂਟ ਕਿਸਾਨਾਂ ਦੇ ਖਾਤਿਆਂ ਵਿੱਚ ਜਾਂਦੀ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਇਹ ਪੇਮੈਂਟ 99 ਫੀਸਦੀ ਕਿਸਾਨਾਂ ਨੂੰ ਆੜ੍ਹਤੀਆਂ ਦੇ ਰਾਹੀਂ ਹੁੰਦੀ ਹੈ ਅਤੇ ਆੜ੍ਹਤੀ ਇਸ ਦਾ ਹਿਸਾਬ ਦੇਣ ਤੋਂ ਆਨਕਾਨੀ ਕਰ ਰਹੇ ਹਨ। ਸਰਕਾਰ ਦੇ ਲਈ ਇਸ ਸਮੇਂ ਮੁਸ਼ਕਲ ਇਹ ਹੈ ਕਿ ਜਦ ਤੱਕ ਉਹ ਕਿਸਾਨਾਂ ਦੇ ਅਕਾਊਂਟ ਬਾਰੇ ਕੇਂਦਰ ਨੂੰ ਜਾਣਕਾਰੀ ਨਹੀਂ ਦੇਵੇਗੀ, ਇਸ ਨੂੰ ਢਾਈ ਫੀਸਦੀ ਦੇ ਹਿਸਾਬ ਐਡਮਨਿਸਟ੍ਰੇਟਿਵ ਚਾਰਜਿਜ਼ ਨਹੀਂ ਮਿਲਣੇ। ਇਸ ਕਾਰਨ ਸਰਕਾਰ ਨੂੰ ਹਰ ਸਾਲ 1200 ਕਰੋੜ ਰੁਪਏ ਘਾਟਾ ਰਹੇਗਾ। ਪਤਾ ਲੱਗਾ ਹੈ ਕਿ ਫੂਡ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਇਸ ਦੇ ਬਾਰੇ ਮੁੱਖ ਮੰਤਰੀ ਨਾਲ ਗੱਲ ਕੀਤੀ ਹੈ ਅਤੇ ਇਸ ਬਾਰੇ ਵਿੱਚ ਆੜ੍ਹਤੀਆਂ ਨਾਲ ਵੀ ਮੀਟਿੰਗ ਹੋ ਚੁੱਕੀ ਹੈ।

ਜਦ ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਸੀ ਤਾਂ ਕਿਸਾਨਾਂ ਨੂੰ ਸਿੱਧੀ ਪੇਮੈਂਟ ਕਰਨ ਦਾ ਮੁੱਦਾ ਆਇਆ ਸੀ। ਓਦੋਂ ਸਰਕਾਰ ਨੇ ਕਿਸਾਨਾਂ ਲਈ ਸਿੱਧੀ ਪੇਮੈਂਟ ਦਾ ਪ੍ਰਬੰਧ ਕਰ ਦਿੱਤਾ ਸੀ, ਪਰ ਲਗਭਗ ਸਾਰੇ ਕਿਸਾਨਾਂ ਨੇ ਆੜ੍ਹਤੀਆਂ ਦੇ ਰਾਹੀਂ ਹੀ ਪੇਮੈਂਟ ਲੈਣ ਦਾ ਕੰਮ ਜਾਰੀ ਰੱਖਿਆ ਹੈ। ਜਦ ਸਰਕਾਰ ਅਨਾਜ ਖਰੀਦ ਲੈਂਦੀ ਹੈ ਤਾਂ ਉਸ ਪਿੱਛੋਂ ਆੜ੍ਹਤੀ ਬਿੱਲ ਬਣਾਉਂਦਾ ਅਤੇ ਸਰਕਾਰ ਨੂੰ ਸੌਂਪ ਦਿੰਦਾ ਹੈ। ਫਿਰ ਸਰਕਾਰ ਚੈੱਕ ਕੱਟ ਕੇ ਦਿੰਦੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਆੜ੍ਹਤੀਏ ਕਿਸਾਨਾਂ ਨੂੰ ਕਰਜ਼ੇ ਵਜੋਂ ਪੈਸੇ ਦਿੰਦੇ ਹਨ ਅਤੇ ਜਦ ਕਿਸਾਨ ਮਾਰਕੀਟ ਵਿੱਚ ਫਸਲ ਵੇਚਦਾ ਹੈ ਤਾਂ ਉਹ ਆਪਣਾ ਕਰਜ਼ਾ ਅਤੇ ਵਿਆਜ ਕਿਸਾਨ ਤੋਂ ਵਸੂਲ ਕਰ ਲੈਂਦੇ ਹਨ। ਕਈ ਵਾਰ ਇਹ ਪੈਸਾ ਕਾਗਜ਼ਾਂ ਵਿੱਚ ਨਹੀਂ ਚੜ੍ਹਾਇਆ ਜਾਂਦਾ, ਇਸ ਲਈ ਇਸ ਦਾ ਹਿਸਾਬ ਦੇਣਾ ਮੁਸ਼ਕਲ ਹੁੰਦਾ ਹੈ। ਕੇਂਦਰ ਸਰਕਾਰ ਦਾ ਇਹ ਯਤਨ ਹੈ ਕਿ ਕਿਸਾਨਾਂ ਨੂੰ ਸਿੱਧੀ ਪੇਮੈਂਟ ਕੀਤੀ ਜਾਏ ਤੇ ਇਸ ਵਿੱਚ ਆੜ੍ਹਤੀਆਂ ਦਾ ਦਖਲ ਨਾ ਹੋਵੇ। ਕੇਂਦਰ ਰਾਜ ਸਰਕਾਰ ਨੂੰ ਆੜ੍ਹਤੀਆਂ ਦਾ ਕਮਿਸ਼ਨ ਫਿਕਸ ਕਰਨ ਲਈ ਕਹਿ ਚੁੱਕੀ ਹੈ, ਪਰ ਅਜੇ ਤੱਕ ਅਜਿਹਾ ਨਹੀਂ ਹੋਇਆ। ਆੜ੍ਹਤੀਆਂ ਨੂੰ ਵੀ 2.5 ਫੀਸਦੀ ਦੇ ਹਿਸਾਬ ਨਾਲ ਕਮਿਸ਼ਨ ਮਿਲਦਾ ਹੈ ਤੇ ਜਿਵੇਂ-ਜਿਵੇਂ ਐੱਮ ਐੱਸ ਪੀ ਵਧਦੀ ਹੈ, ਕਮਿਸ਼ਨ ਦੇ ਰੂਪ 'ਚ ਸਰਕਾਰ ਨੂੰ ਵੱਧ ਪੈਸਾ ਦੇਣਾ ਪੈਂਦਾ ਹੈ। ਇਸ ਦਾ ਬੋਝ ਕੇਂਦਰ ਸਰਕਾਰ 'ਤੇ ਪੈਂਦਾ ਹੈ, ਇਸ ਲਈ ਕੇਂਦਰ ਸਰਕਾਰ ਵਾਰ-ਵਾਰ ਜ਼ੋਰ ਪਾ ਰਹੀ ਹੈ ਕਿ ਕਮਿਸ਼ਨ ਫਿਕਸ ਕੀਤਾ ਜਾਏ।

## ਟਰਾਂਸਪੋਰਟ ਅਫਸਰਾਂ ਉਤੇ ਅਕਾਲੀ ਆਗੂਆਂ ਦਾ ਰੋਅਬ ਅਜੇ ਵੀ ਕਾਇਮ

ਬਠਿੰਡਾ, 30 ਜੁਲਾਈ (ਪੋਸਟ ਬਿਊਰੋ)- ਟਰਾਂਸਪੋਰਟ ਮਹਿਕਮੇ ਵਿੱਚ ਅਕਾਲੀ ਦਲ ਦੀ ਪੈਂਠ ਹਾਲੇ ਵੀ ਹੋਣ ਦੀ ਪੁਸ਼ਟੀ ਰਿਜਨਲ ਟਰਾਂਸਪੋਰਟ ਅਥਾਰਿਟੀ ਦੇ ਬਠਿੰਡਾ ਦਫਤਰ ਤੋਂ ਮਿਲੀ ਹੈ। ਇਸ ਦਫਤਰ ਨੇ ਇਕ ਅਕਾਲੀ ਆਗੂ ਦੀ ਕੰਪਨੀ ਨੂੰ ਚੁੱਪ ਚੁਪੀਤੇ ਟਾਈਮ ਟੇਬਲ 'ਚ ਗੱਫੇ ਦੇ ਦਿੱਤੇ ਤਾਂ ਪੀ ਆਰ ਟੀ ਸੀ ਅਧਿਕਾਰੀ ਭੜਕ ਪਏ। ਮੁਲਾਜ਼ਮ ਧਿਰਾਂ ਨੇ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ ਪੱਤਰ ਭੇਜ ਦਿੱਤਾ, ਜਿਸ ਵਿੱਚ ਟਰਾਂਸਪੋਰਟ ਅਧਿਕਾਰੀ ਵੱਲੋਂ ਤਲਵੰਡੀ ਸਾਬੋ-ਸਰਦੂਲਗੜ੍ਹ ਰੂਟ 'ਤੇ ਟਾਈਮ ਟੇਬਲ ਵਿੱਚ ਆਰਜ਼ੀ ਅਡਜਸਟਮੈਂਟ 'ਚ ਕੀਤਾ ਘਾਲਾ ਮਾਲਾ ਪੇਸ਼ ਕੀਤਾ ਹੈ।

ਟਰਾਂਸਪੋਰਟ ਵਿਭਾਗ ਦੀ ਸਾਫ ਹਦਾਇਤ ਹੈ ਕਿ ਟਾਈਮ ਟੇਬਲ ਵਿੱਚ ਕਿਸੇ ਤਰ੍ਹਾਂ ਆਰਜ਼ੀ ਅਡਜਸਟਮੈਂਟ ਨਹੀਂ ਕੀਤੀ ਜਾ ਸਕਦੀ। ਰਿਜਨਲ ਟਰਾਂਸਪੋਰਟ ਅਥਾਰਿਟੀ ਬਠਿੰਡਾ ਦੇ ਸੈਕਟਰੀ ਨੇ 25 ਜੁਲਾਈ ਨੂੰ ਪੀ ਆਰ ਟੀ ਸੀ ਨੂੰ ਦੱਸੇ ਬਿਨਾਂ ਤਲਵੰਡੀ ਸਾਬੋ-ਸਰਦੂਲਗੜ੍ਹ ਰੂਟ ਉਤੇ ਟਾਈਮ ਟੇਬਲ ਬਦਲ ਦਿੱਤੇ। ਨਵੀਂ ਅਦਲਾ ਬਦਲੀ ਨਾਲ ਵੱਡਾ ਰਗੜਾ ਪੀ ਆਰ ਟੀ ਸੀ ਨੂੰ ਲੱਗਾ ਹੈ ਤੇ ਪ੍ਰਾਈਵੇਟ ਬੱਸ ਮਾਲਕਾਂ ਨੂੰ ਇਸ ਦਾ ਮਾਲੀ ਲਾਹਾ ਮਿਲਣਾ ਹੈ।

ਮਿਲੇ ਵੇਰਵਿਆਂ ਅਨੁਸਾਰ ਤਲਵੰਡੀ ਸਾਬੋ ਤੋਂ ਸਰਦੂਲਗੜ੍ਹ ਵਾਲੇ ਟਾਈਮ ਟੇਬਲ ਵਿੱਚ 26 ਟਾਈਮ ਛੇੜੇ ਗਏ ਹਨ ਅਤੇ ਸਰਦੂਲਗੜ੍ਹ ਤੋਂ ਤਲਵੰਡੀ ਸਾਬੋ ਵਾਪਸੀ ਵਾਲੇ 15 ਰੂਟਾਂ ਦੇ ਟਾਈਮ ਵਿੱਚ ਅਦਲਾ ਬਦਲੀ ਕੀਤੀ ਹੈ। ਤਲਵੰਡੀ ਸਾਬੋ-ਸਰਦੂਲਗੜ੍ਹ ਰੂਟ 'ਤੇ ਅਕਾਲੀ ਪਰਵਾਰ ਨਾਲ ਸਬੰਧਤ ਬੱਸ ਮਾਲਕ ਦੀ ਟਰਾਂਸਪੋਰਟ ਚੱਲਦੀ ਹੈ। ਭਾਵੇਂ ਹੋਰ ਬੱਸਾਂ ਦੇ ਟਾਈਮ ਟੇਬਲ ਵੀ ਬਦਲੇ ਹਨ ਪ੍ਰੰਤੂ ਇਕੋ ਪਰਵਾਰ ਦੀ ਬੱਸ ਕੰਪਨੀ ਨੂੰ ਤਲਵੰਡੀ ਸਾਬੋ ਤੋਂ ਸਰਦੂਲਗੜ੍ਹ ਲਈ ਟਾਈਮ ਟੇਬਲ ਵਿੱਚ 28 ਮਿੰਟ ਵੱਧ ਦਿੱਤੇ ਹਨ, ਜਦੋਂ ਕਿ ਵਾਪਸੀ ਵਾਲੇ ਟਾਈਮ ਟੇਬਲ ਵਿੱਚ 21 ਮਿੰਟ ਵੱਧ ਦੇ ਦਿੱਤੇ ਹਨ।

ਪੀ ਆਰ ਟੀ ਸੀ ਮੁਲਾਜ਼ਮਾਂ ਨੇ ਪੱਤਰ ਵਿੱਚ ਇਸ ਆਰਜ਼ੀ ਅਡਜਸਟਮੈਂਟ ਨੂੰ ਫੌਰੀ ਰੱਦ ਕਰਨ ਦੀ ਮੰਗ ਕੀਤੀ ਤੇ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ ਲਿਖੇ ਪੱਤਰ 'ਚ ਆਖਿਆ ਹੈ ਕਿ ਬਠਿੰਡਾ ਟਰਾਂਸਪੋਰਟ ਦਫਤਰ ਨੇ ਨਿੱਜੀ ਟਰਾਂਸਪੋਰਟ ਨਾਲ ਮਿਲੀਭੁਗਤ ਕਰਕੇ ਇਹ ਆਰਜ਼ੀ ਅਡਜਸਟਮੈਂਟ ਕਰਕੇ ਟਾਈਮ ਟੇਬਲ ਵਿੱਚ ਵੱਧ ਸਮਾਂ ਲੈ ਲਿਆ, ਜਿਸ ਮੌਕੇ ਪੀ ਆਰ ਟੀ ਸੀ ਦਾ ਕੋਈ ਪ੍ਰਤੀਨਿਧ ਮੌਜੂਦ ਨਹੀਂ ਸੀ। ਪੀ ਆਰ ਟੀ ਸੀ ਬਠਿੰਡਾ ਡਿਪੂ ਦੇ ਜਨਰਲ ਮੈਨੇਜਰ ਨੇ ਰਿਜਨਲ ਟਰਾਂਸਪੋਰਟ ਅਥਾਰਿਟੀ ਬਠਿੰਡਾ ਨੂੰ ਪੱਤਰ ਭੇਜ ਕੇ ਲਿਖਿਆ ਹੈ ਕਿ ਡਿਪੂ ਨੂੰ ਇਸ ਆਰਜ਼ੀ ਅਡਜਸਟਮੈਂਟ ਤੋਂ ਪਹਿਲਾਂ ਜਾਣੂ ਨਹੀਂ ਕਰਾਇਆ ਗਿਆ ਅਤੇ ਨਾ ਅਡਜਸਟਮੈਂਟ ਕਰਨ ਮੌਕੇ ਡਿਪੂ ਦਾ ਕੋਈ ਨੁਮਾਇੰਦਾ ਮੌਜੂਦ ਸੀ। ਇਸ ਨਾਲ ਪੀ ਆਰ ਟੀ ਸੀ ਦਾ ਕਰੀਬ 45 ਮਿੰਟਾਂ ਦਾ ਨੁਕਸਾਨ ਹੋਇਆ ਹੈ।

## ਪੰਜਾਬਣ ਮੁੱਕੇਬਾਜ਼ ਸਿਮਰਨਜੀਤ ਕੌਰ ਨੇ ਪ੍ਰੈਜ਼ੀਡੈਂਟ ਕੱਪ ਦਾ ਸੋਨੇ ਦਾ ਤਮਗਾ ਜਿੱਤਿਆ

ਰਾਏਕੋਟ, 30 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਚੱਕਰ ਦੀ ਸਿਮਰਨਜੀਤ ਕੌਰ ਨੇ ਪਰਸੋਂ ਇੰਡੋਨੇਸ਼ੀਆ ਦੇ ਸ਼ਹਿਰ ਲਾਬੂਆਨ ਬਾਜੂ ਵਿਖੇ ਸਮਾਪਤ ਹੋਏ 23ਵੇਂ ਪ੍ਰੈਜ਼ੀਡੈਂਟ ਕੱਪ ਕੌਮਾਂਤਰੀ ਮੁੱਕੇਬਾਜ਼ੀ ਟੂਰਨਾਮੈਂਟ ਵਿੱਚ ਸੋਨੇ ਦਾ ਤਮਗਾ ਜਿੱਤਿਆ। ਪੰਜਾਬ ਦੀ ਸਿਮਰਨਜੀਤ ਕੌਰ ਤੋਂ ਇਲਾਵਾ ਓਲੰਪਿਕ ਤਮਗਾ ਜੇਤੂ ਐਮ ਸੀ ਮੈਰੀਕਾਮ, ਜਮੁਨਾ ਬੋਰੋ ਅਤੇ ਮੋਨਿਕਾ ਨੇ ਵੀ ਸੋਮ ਤਮਗੇ ਜਿੱਤੇ।



ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਚੱਕਰ ਪਿੰਡ ਦੀ ਸਿਮਰਨਜੀਤ ਕੌਰ ਦੀ ਇਸ ਮਾਣਮੱਤੀ ਪ੍ਰਾਪਤੀ ਉੱਤੇ ਮੁਬਾਰਕਬਾਦ ਦਿੱਤੀ ਹੈ। ਉਨ੍ਹਾਂ ਕਿਹਾ ਕਿ ਚੱਕਰ ਪਿੰਡ ਦੀਆਂ ਕੁੜੀਆਂ ਨੇ ਮੁੱਕੇਬਾਜ਼ੀ ਵਿੱਚ ਦੇਸ਼-ਵਿਦੇਸ਼ ਵਿੱਚ ਨਾਂਅ ਕਮਾਇਆ ਹੈ। ਉਨ੍ਹਾਂ ਕਿਹਾ ਕਿ ਸਿਮਰਨਜੀਤ ਕੌਰ ਨੇ ਪਿਛਲੇ ਸਾਲ ਵਿਸ਼ਵ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਸੀ ਅਤੇ ਇਸ ਵਾਰੀ ਉਸ ਨੇ ਪ੍ਰੈਜ਼ੀਡੈਂਟ ਕੱਪ ਵਿੱਚ ਸੋਨ ਤਮਗਾ ਜਿੱਤ ਕੇ ਮੁੜ ਸੂਬੇ ਦਾ ਨਾਂਅ ਰੋਸ਼ਨ ਕੀਤਾ ਹੈ। ਮਰਹੂਮ ਕਮਲਜੀਤ ਸਿੰਘ ਤੇ ਰਾਜਪਾਲ ਕੌਰ ਦੀ ਧੀ ਸਿਮਰਨਜੀਤ ਕੌਰ ਪਹਿਲਾਂ 64 ਕਿਲੋਗਰਾਮ ਵਰਗ ਵਿੱਚ ਮੁਕਾਬਲਾ ਕਰਦੀ ਸੀ, ਜਦ ਕਿ ਓਲੰਪਿਕ ਖੇਡਾਂ ਵਿੱਚ 60 ਕਿਲੋਗਰਾਮ ਵਰਗ ਹੁੰਦਾ ਹੈ, ਜਿਸ ਲਈ ਉਸ ਨੇ ਆਪਣਾ ਵਰਗ ਬਦਲ ਕੇ 60 ਕਿਲੋਗਰਾਮ ਵਿੱਚ ਹਿੱਸਾ ਲੈਂਦੀ ਹੈ।

## ਹਾਦਸੇ ਵਿੱਚ ਮੌਤ ਬਦਲੇ ਬੀਮਾ ਕੰਪਨੀ ਤੇ ਬਸ ਮਾਲਕ 18 ਲੱਖ ਮੁਆਵਜ਼ਾ ਦੇਣਗੇ

ਬਠਿੰਡਾ, 30 ਜੁਲਾਈ (ਪੋਸਟ ਬਿਊਰੋ)- ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਬਠਿੰਡਾ ਨੇ 2017 ਵਿੱਚ ਸੜਕ ਹਾਦਸੇ ਵਿੱਚ ਬੇਟਾ ਗੁਆ ਚੁੱਕੇ ਮਾਤਾ-ਪਿਤਾ ਦੇ ਹੱਕ ਵਿੱਚ ਫੈਸਲਾ ਦੇਂਦੇ ਹੋਏ ਉਨ੍ਹਾਂ ਨੂੰ 18 ਲੱਖ 64 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਕੇਸ ਵਿੱਚ ਮਿਨੀ ਬਸ ਦੇ ਮਾਲਕ, ਚਾਲਕ ਅਤੇ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਨੂੰ ਸਾਂਝੇ ਤੌਰ 'ਤੇ ਸਾਢੇ ਸੱਤ ਫੀਸਦੀ ਵਿਆਜ ਨਾਲ ਮੁਆਵਜ਼ਾ ਦਾ ਭੁਗਤਾਨ ਕਰਨ ਨੂੰ ਕਿਹਾ ਹੈ।

ਮੌੜ ਮੰਡੀ ਦੀ ਅਨੁ ਗਰਗ ਨੇ ਇਹ ਸ਼ਿਕਾਇਤ ਦਿੱਤੀ ਸੀ ਕਿ 31 ਜੁਲਾਈ 2017 ਨੂੰ ਉਨ੍ਹਾਂ ਦਾ 18 ਸਾਲ ਦਾ ਬੇਟਾ ਅਭਿਨੰਦਨ ਜੈਨ ਕਾਰ ਰਾਹੀਂ ਰਾਈਸ ਸ਼ੈਲਰ ਵੱਲ ਜਾ ਰਿਹਾ ਸੀ। ਦੁਪਹਿਰ ਕਰੀਬ ਪੌਣੇ ਚਾਰ ਵਜੇ ਬਠਿੰਡਾ ਰੋਡ 'ਤੇ ਭੁੱਲਰ ਢਾਬੇ ਦੇ ਨੇੜੇ ਤੇਜ਼ ਰਫਤਾਰ ਮਿਨੀ ਬਸ (ਜਿਸ ਨੂੰ ਗੁਰਦੀਪ ਸਿੰਘ ਚਲਾ ਰਿਹਾ ਸੀ) ਨੇ ਗਲਤ ਸਾਈਡ ਤੋਂ ਆ ਕੇ ਅਭਿਨੰਦਨ ਦੀ ਕਾਰ ਵਿੱਚ ਟੱਕਰ ਮਾਰ ਦਿੱਤੀ। ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। 31 ਅਗਸਤ 2017 ਨੂੰ ਪੁਲਸ ਨੇ ਬਸ ਚਾਲਕ ਦੇ ਖਿਲਾਫ ਕੇਸ ਦਾਇਰ ਕੀਤਾ ਸੀ। ਬੇਟੇ ਦੀ ਅਚਾਨਕ ਮੌਤ ਪਿੱਛੋਂ ਮਾਤਾ ਪਿਤਾ ਨੇ ਮੁਆਵਜ਼ੇ ਲਈ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ, ਬਠਿੰਡਾ ਵਿੱਚ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ, ਦੀ ਮਾਲ ਬਠਿੰਡਾ, ਮਿਨੀ ਬਸ ਦੇ ਮਾਲਕ ਅਤੇ ਚਾਲਕ ਨੂੰ ਪਾਰਟੀ ਬਣਾਉਂਦੇ ਹੋਏ ਮੁਆਉਜ਼ੇ ਦਾ ਦਾਅਵਾ ਕੀਤਾ ਸੀ। ਬੀਮਾ ਕੰਪਨੀ ਨੇ ਕਿਹਾ ਕਿ ਕਾਰ ਚਾਲਕ ਵੀ ਲਾਪਰਵਾਹ ਸੀ ਤੇ ਇਹ ਸਹਾਇਕ ਲਾਪਰਵਾਹੀ ਦਾ ਕੇਸ ਹੈ, ਪਰ ਸਬੂਤ ਤੇ ਪੁਲਸ ਦਸਤਾਵੇਜ਼ਾਂ ਦੇ ਆਧਾਰ 'ਤੇ ਦਾਅਵੇਦਾਰ ਇਹ ਸਾਬਿਤ ਕਰਨ ਵਿੱਚ ਸਫਲ ਰਹੇ ਕਿ ਬਸ ਡਰਾਈਵਰ ਦੀ ਲਾਪਰਵਾਹੀ ਨਾਲ ਹਾਦਸਾ ਹੋਇਆ ਸੀ।

## ਨਵਜੋਤ ਸਿੰਘ ਸਿੱਧੂ ਨਾਲ ਭਾਜਪਾ ਆਗੂਆਂ ਦੇ ਸੰਪਰਕ ਦੇ ਚਰਚੇ

ਚੰਡੀਗੜ੍ਹ, 30 ਜੁਲਾਈ (ਪੋਸਟ ਬਿਊਰੋ)- ਕ੍ਰਿਕਟ ਦੀ ਦੁਨੀਆ ਤੋਂ ਭਾਜਪਾ ਰਾਹੀਂ ਸਿਆਸਤ ਵਿੱਚ ਦਾਖਲ ਹੋਣ ਵਾਲੇ ਨਵਜੋਤ ਸਿੰਘ ਸਿੱਧੂ ਵੱਲੋਂ ਇੱਕ ਵਾਰ ਫਿਰ ਭਾਜਪਾ ਵਿੱਚ ਸ਼ਾਮਲ ਹੋਣ ਦੀ ਇੱਛਾ ਨਾਲ ਪਾਰਟੀ ਦੇ ਸੀਨੀਅਰ ਆਗੂ ਨਾਲ ਮੁਲਾਕਾਤ ਕਰਨ ਤੇ ਭਾਜਪਾ ਆਗੂਆਂ ਦੇ ਸੰਪਰਕ ਵਿੱਚ ਹੋਣ ਦੇ ਚਰਚੇ ਛਿੜ ਗਏ ਹਨ।

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਹਰਜੀਤ ਸਿੰਘ ਗਰੇਵਾਲ ਨੇ ਕੱਲ੍ਹ ਨਵਜੋਤ ਸਿੰਘ ਸਿੱਧੂ ਦੇ ਭਾਜਪਾ ਆਗੂਆਂ ਦੇ ਸੰਪਰਕ ਵਿੱਚ ਹੋਣ ਦਾ ਦਾਅਵਾ ਨਿੱਜੀ ਟੀ ਵੀ ਉਤੇ ਚਰਚਾ ਵਿੱਚ ਕੀਤਾ ਹੈ। ਭਾਜਪਾ ਆਗੂ ਦੇ ਬਿਆਨ ਨਾਲ ਰਾਜਨੀਤਕ ਹਲਕਿਆਂ ਵਿੱਚ ਚਰਚਾ ਛਿੜ ਗਈ ਹੈ। ਵਰਨਣ ਯੋਗ ਹੈ ਕਿ ਸਿੱਧੂ ਨੇ ਭਾਜਪਾ ਵਿੱਚ ਸ਼ਾਮਲ ਹੋ ਕੇ ਸਿਆਸਤ ਵਿੱਚ ਦਾਖਲਾ ਲਿਆ ਸੀ, ਪਰ ਪਾਰਟੀ ਵੱਲੋਂ ਅੰਮ੍ਰਿਤਸਰ ਤੋਂ ਟਿਕਟ ਕੱਟੇ ਜਾਣ ਤੋਂ ਖਫਾ ਹੋ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਸੂਤਰਾਂ ਮੁਤਾਬਕ ਸਿੱਧੂ ਨੇ ਪਿਛਲੇ ਦਿਨੀਂ ਦਿੱਲੀ ਵਿਖੇ ਭਾਜਪਾ ਦੇ ਵੱਡੇ ਕੱਦ ਦੇ ਆਗੂ ਤੇ ਮੰਤਰੀ ਨਾਲ ਮੀਟਿੰਗ ਕਰਕੇ ਭਾਜਪਾ ਵਿੱਚ ਸ਼ਾਮਲ ਹੋਣ ਦੀ ਇੱਛਾ ਜ਼ਾਹਰ ਕੀਤੀ ਹੈ। ਇਹ ਵੀ ਪਤਾ ਲੱਗਾ ਹੈ ਕਿ ਭਾਜਪਾ ਆਗੂ ਨੇ ਨਵਜੋਤ ਸਿੰਘ ਸਿੱਧੂ ਨੂੰ ਪਾਰਟੀ ਵਿੱਚ ਸ਼ਾਮਲ ਕਰਾਉਣ ਤੋਂ ਹਾਲੇ ਮਨ੍ਹਾ ਕਰ ਦਿੱਤਾ ਹੈ। ਗਰੇਵਾਲ ਨੇ ਦਾਅਵਾ ਕੀਤਾ ਹੈ ਕਿ ਸਿੱਧੂ ਨੇ ਭਾਜਪਾ ਵਿੱਚ ਸ਼ਾਮਲ ਹੋਣ ਦੀ ਇੱਛਾ ਪ੍ਰਗਟ ਕੀਤੀ, ਪਰ ਪਾਰਟੀ ਹਾਈ ਕਮਾਨ ਨੇ ਉਸ ਨੂੰ ਨਾਂਹ ਕਰ ਦਿੱਤੀ ਹੈ। ਗਰੇਵਾਲ ਦੇ ਮੁਤਾਬਕ ਭਾਜਪਾ ਅਨੁਸ਼ਾਸਨ ਪਸੰਦ ਪਾਰਟੀ ਹੈ, ਪਰ ਸਿੱਧੂ ਅਨੁਸ਼ਾਸਨ ਵਿੱਚ ਨਹੀਂ ਰਹਿ ਸਕਦਾ। ਵਰਨਣ ਯੋਗ ਹੈ ਕਿ ਸਿੱਧੂ ਅਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਵਿਚਕਾਰ ਟਕਰਾਅ ਚੱਲ ਰਿਹਾ ਹੈ। ਲੋਕ ਸਭਾ ਚੋਣਾਂ ਵਿੱਚ ਪ੍ਰਚਾਰ ਦੌਰਾਨ ਸਿੱਧੂ ਨੇ ਲੰਬੀ ਵਿਖੇ ਰੈਲੀ ਦੌਰਾਨ ਲੋਕਾਂ ਨੂੰ ਦੋ ਧਿਰਾਂ ਵੱਲੋਂ ਮਿਲ ਕੇ ਸਿਆਸਤ ਕਰਨ ਵਾਲਿਆਂ ਨੂੰ ਹਰਾਉਣ ਦਾ ਸੱਦਾ ਦਿੱਤਾ ਤਾਂ ਅਮਰਿੰਦਰ ਸਿੰਘ ਨੇ ਮੋੜਵਾਂ ਜਵਾਬ ਦਿੰਦਿਆਂ ਸਿੱਧੂ ਨੂੰ ਨਾਨ-ਪਰਫਾਰਮੈਂਸ਼ ਮੰਤਰੀ ਦੱਸਦਿਆਂ ਸ਼ਹਿਰਾਂ ਵਿੱਚ ਕਾਂਗਰਸ ਦੀ ਹਾਰ ਦਾ ਠੀਕਰਾ ਉਸ ਦੇ ਸਿਰ ਭੰਨਿਆ ਸੀ। ਮੁੱਖ ਮੰਤਰੀ ਨੇ ਛੇ ਜੂਨ ਨੂੰ ਮੰਤਰੀਆਂ ਦੇ ਵਿਭਾਗਾਂ ਦੀ ਅਦਲਾ ਬਦਲੀ ਵਿੱਚ ਸਿੱਧੂ ਨੂੰ ਲੋਕਲ ਬਾਡੀਜ਼ ਦੀ ਜਗ੍ਹਾ ਬਿਜਲੀ ਵਿਭਾਗ ਦੇ ਦਿੱਤਾ ਸੀ, ਪਰ ਸਿੱਧੂ ਨੇ ਚਾਰਜ ਨਹੀਂ ਸੰਭਾਲਿਆ।

## ਪੰਜਾਬ ਵਿੱਚ 8427 ਐਚ ਆਈ ਵੀ ਪੀੜਤ ਆ ਚੁੱਕੇ ਹਨ ਮੌਤ ਦੇ ਬੁੱਕਲ ਵਿੱਚ

ਸੰਗਰੂਰ, 30 ਜੁਲਾਈ (ਪੋਸਟ ਬਿਊਰੋ)- ਪੰਜਾਬ ਦੀ ਇਸ ਸਮੇਂ ਐਚ ਆਈ ਵੀ ਪੋਜ਼ੇਟਿਵ ਬਾਰੇ ਸਥਿਤੀ ਵਿਸਫੋਟਕ ਬਣੀ ਹੋਈ ਹੈ। ਐਚ ਆਈ ਵੀ ਵਾਇਰਸ ਪੰਜਾਬ ਵਿੱਚ 1993 ਵਿੱਚ ਆਇਆ ਸੀ, ਉਦੋਂ ਤੋਂ ਲੈ ਕੇ 31 ਮਾਰਚ 2019 ਤੱਕ ਕਰੀਬ 72000 ਮਰੀਜ਼ ਐਚ ਆਈ ਵੀ ਪ੍ਰੋਜ਼ੇਟਿਵ ਪਾਏ ਗਏ, ਪਰ ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਇਕ ਅਪ੍ਰੈਲ 2019 ਤੋਂ 30 ਜੂਨ ਜੂਨ 2019 ਤੱਕ ਦੇ ਅੰਕੜੇ ਅਤਿ ਡਰਾਉਣੇ ਹਨ। ਇਨ੍ਹਾਂ ਤਿੰਨ ਮਹੀਨਿਆਂ 'ਚ ਸੂਬੇ ਵਿੱਚ 2943 ਨਵੇਂ ਮਰੀਜ਼ ਐਚ ਆਈ ਵੀ ਪੋਜ਼ੇਟਿਵ ਪਾਏ ਗਏ ਹਨ। ਇਸ ਤੋਂ ਭਿਅੰਕਰ ਸਥਿਤੀ ਇਹ ਹੈ ਕਿ ਐਚ ਆਈ ਵੀ ਦਾ ਦੈਂਤ ਇਨ੍ਹਾਂ ਸਾਲਾਂ ਵਿੱਚ 8427 ਵਿਅਕਤੀਆਂ ਨੂੰ ਨਿਗਲ ਚੁੱਕਾ ਹੈ ਭਾਵ ਇਹ ਰੋਜ਼ ਇਕ ਦੀ ਜਾਨ ਲੈ ਰਿਹਾ ਹੈ। ਇਹ ਅੰਕੜੇ ਸਿਰਫ ਪੰਜਾਬ ਦੇ ਹਨ, ਉਹ ਵੀ ਉਨ੍ਹਾਂ ਦੇ ਜਿਨ੍ਹਾਂ ਦੇ ਟੈਸਟ ਸਰਕਾਰੀ ਲੈਬਾਰਟਰੀਆਂ 'ਚ ਹੋ ਚੁੱਕੇ ਹਨ।



ਵਰਨਣ ਯੋਗ ਹੈ ਕਿ ਹਸਪਤਾਲਾਂ 'ਚ ਅਕਸਰ ਉਹ ਮਰੀਜ਼ ਐਚ ਆਈ ਵੀ ਟੈਸਟ ਕਰਾਉਣ ਲਈ ਪਹੁੰਚਦੇ ਹਨ, ਜਿਨ੍ਹਾਂ ਦੀ ਸਰਜਰੀ ਹੋਣੀ ਹੁੰਦੀ ਹੈ। ਇਸ ਤੋਂ ਇਲਾਵਾ ਗਰਭਵਤੀ ਔਰਤਾਂ ਤੇ ਨਸ਼ਾ ਮੁਕਤ ਹੋਣ ਲਈ ਇਲਾਜ ਕੇਂਦਰਾਂ 'ਚ ਪਹੁੰਚਦੇ ਨਸ਼ੇੜੀ ਇਸ ਟੈਸਟ ਲਈ ਸਰਕਾਰੀ ਹਸਪਤਾਲਾਂ ਦੀਆਂ ਲੈਬਾਰਟਰੀਆਂ 'ਚ ਪਹੁੰਚਦੇ ਹਨ। ਸੂਬੇ 'ਚ ਹਜ਼ਾਰਾਂ ਨਹੀਂ ਲੱਖਾਂ ਨਸ਼ੇੜੀ ਨਸ਼ੇ ਦੇ ਟੀਕਿਆਂ ਲਈ ਦੂਸ਼ਿਤ ਸਰਿੰਜਾਂ ਦੀ ਵਰਤੋਂ ਕਰ ਰਹੇ ਹਨ। ਇਸ ਕਾਰਨ ਐਚ ਆਈ ਵੀ ਪ੍ਰੋਜ਼ੇਟਿਵ ਬਾਰੇ ਸਥਿਤੀ ਵਿਸਫੋਟਕ ਹੈ, ਪਰ ਜ਼ਿੰਮੇਵਾਰ ਸਰਕਾਰ ਨੇ ਸਭ ਕੁਝ ਪਤਾ ਹੁੰਦਿਆਂ ਵੀ ਅੱਖਾਂ ਬੰਦ ਕੀਤੀਆਂ ਹੋਈਆਂ ਹਨ।

ਸਰਕਾਰੀ ਅੰਕੜੇ ਦੱਸਦੇ ਹਨ ਕਿ ਸੂਬੇ 'ਚ ਇਸ ਵਰ੍ਹੇ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ 100 ਗਰਭਵਤੀ ਔਰਤਾਂ ਐਚ ਆਈ ਵੀ ਪ੍ਰੋਜ਼ੇਟਿਵ ਪਾਈਆਂ ਗਈਆਂ, ਜਿਨ੍ਹਾਂ ਦੇ ਜਨਮੇ 98 ਬੱਚੇ ਜਨਮ ਤੋਂ ਹੀ ਦਵਾਈ ਪੀਣ ਲਈ ਮਜਬੂਰ ਹਨ। ਇਨ੍ਹਾਂ ਦਾ ਟੈਸਟ ਕੁਝ ਸਮੇਂ ਪਿੱਛੋਂ ਹੋਵੇਗਾ। ਪ੍ਰਸਿੱਧ ਸਮਾਜ ਚਿੰਤਕ ਡਾ. ਏ ਐਸ ਮਾਨ ਪ੍ਰਧਾਨ ਸਾਇੰਟਿਫਿਕ ਅਵੇਅਰਨੈਸ ਫੋਰਮ ਤੇ ਨਸ਼ਿਆਂ ਖਿਲਾਫ ਪੰਜਾਬ ਦਾ ਬੁਲੰਦ ਆਵਾਜ਼ ਮੋਹਨ ਸ਼ਰਮਾ ਨੇ ਪੰਜਾਬ 'ਚ ਵੱਧ ਰਹੇ ਐਚ ਆਈ ਵੀ ਦੇ ਕਹਿਰ ਲਈ ਨਸ਼ਿਆਂ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਨਸ਼ਿਆਂ ਦੀ ਸਪਲਾਈ ਨੂੰ ਤੁਰੰਤ ਬੰਦ ਕਰਨ ਦੀ ਜ਼ਰੂਰਤ ਹੈ, ਜਿਸ ਲਈ ਸਭ ਪਾਰਟੀਆਂ, ਧਾਰਮਿਕ ਮੁਖੀਆਂ ਤੇ ਸਮਾਜ ਚਿੰਤਕਾਂ ਨੂੰ ਅੱਗੇ ਆਉਣਾ ਪਵੇਗਾ।

## ਲਵ ਮੈਰਿਜ ਕਾਰਨ ਲੜਕੀ ਪਰਿਵਾਰ ਨੇ ਮੁੰਡੇ ਦੇ 3 ਪਰਿਵਾਰਕ ਮੈਂਬਰਾਂ ਦਾ ਕਤਲ ਕੀਤਾ

ਤਰਨ ਤਾਰਨ, 30 ਜੁਲਾਈ (ਪੋਸਟ ਬਿਊਰੋ)- ਥਾਣਾ ਸਰਾਏ ਅਮਾਨਤ ਖਾਂ ਦੇ ਸਰਹੱਦੀ ਪਿੰਡ ਨੌਸ਼ਿਹਰਾ ਢਾਲਾ ਵਿਖੇ ਕੱਲ੍ਹ ਰਾਤ ਇਕ ਲੜਕੀ ਨਾਲ ਪ੍ਰੇਮ ਵਿਆਹ ਕਰਾਉਣ ਵਾਲੇ ਲੜਕੇ ਹਰਮਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਘਰ ਜਾ ਕੇ ਲੜਕੀ ਪਰਵਾਰ ਦੇ ਕੁਝ ਲੋਕਾਂ ਨੇ ਰਾਤ ਵੇਲੇ ਸੁੱਤੇ ਪਏ ਲੜਕੇ ਦੇ ਪਿਤਾ ਜੋਗਿੰਦਰ ਸਿੰਘ, ਭੈਣ ਪ੍ਰਭਜੀਤ ਕੌਰ ਅਤੇ ਭਰਾ ਪਵਨਦੀਪ ਸਿੰਘ ਨੂੰ ਕਤਲ ਕਰ ਦਿਤਾ ਅਤੇ ਫਰਾਰ ਹੋ ਗਏ।

ਹਰਮਨਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਨੇ ਦਸਿਆ ਕਿ ਉਸ ਨੇ ਅਪਣੇ ਨੇੜਲੇ ਪਿੰਡ ਢਾਲਾ ਦੀ ਰਹਿਣ ਵਾਲੀ ਲੜਕੀ ਨਵਦੀਪ ਕੌਰ ਬੇਬੀ ਪੁੱਤਰੀ ਬੀਰ ਸਿੰਘ ਵਾਸੀ ਢਾਲਾ ਨਾਲ ਅੱਜ ਤੋਂ ਡੇਢ ਮਹੀਨਾ ਪਹਿਲਾਂ ਅਦਾਲਤ ਰਾਹੀਂ ਪ੍ਰੇਮ ਵਿਆਹ ਕਰਾਇਆ ਸੀ। ਓਦੋਂ ਤੋਂ ਉਹ ਘਰੋਂ ਬਾਹਰ ਰਹਿ ਰਹੇ ਸਨ। ਹਰਮਨਜੀਤ ਸਿੰਘ ਦੇ ਅਨੁਸਾਰ ਦੋਵੇਂ ਜੀਅ ਪਿਛਲੇ ਕੁਝ ਦਿਨਾਂ ਤੋਂ ਉਹ ਪਿੰਡ ਵਿਚ ਆਏ ਹੋਏ ਸਨ ਤੇ ਲੜਕੀ ਦੇ ਘਰ ਵਾਲੇ ਉਨ੍ਹਾਂ ਦਾ ਪਿੱਛਾ ਕਰਦੇ ਸਨ। ਕੱਲ੍ਹ ਰਾਤ ਲੜਕੀ ਦਾ ਪਿਤਾ ਬੀਰ ਸਿੰਘ ਪੁੱਤਰ ਗੁਰਮੇਜ ਸਿੰਘ, ਭਰਾ ਸੁਖਾ ਪੁੱਤਰ ਬੀਰ ਸਿੰਘ, ਅਰਸ਼ਦੀਪ ਸਿੰਘ ਪੁੱਤਰ, ਵਰਦੀਪ ਸਿੰਘ ਪੁੱਤਰ ਬੀਰ ਸਿੰਘ ਤੇ ਉਨ੍ਹਾਂ ਦੇ ਰਿਸ਼ਤੇਦਾਰ ਹੈਪੀ, ਗੋਬਿੰਦ, ਮਨੀ ਤੇ 6 ਅਣਪਛਾਤੇ ਲੋਕ ਉਸ ਦਾ ਪਿੱਛਾ ਕਰਦੇ ਹੋਏ ਰਾਤ ਸਮੇਂ ਉਨ੍ਹਾਂ ਦੇ ਘਰ ਆਏ, ਜਿਥੋਂ ਉਹ ਜਾ ਚੁੱਕੇ ਸਨ। ਹਰਮਨਜੀਤ ਨੇ ਦੱਸਿਆ, 'ਅਸੀਂ ਇਨ੍ਹਾਂ ਨੂੰ ਘਰ ਨਾ ਮਿਲੇ ਤਾਂ ਇਨ੍ਹਾਂ ਨੇ ਮੇਰੇ ਪਿਤਾ ਜੋਗਿੰਦਰ ਸਿੰਘ, ਭਰਾ ਪਵਨਦੀਪ ਸਿੰਘ (16 ਸਾਲ) ਅਤੇ ਭੈਣ ਪ੍ਰਭਜੀਤ ਕੌਰ (20 ਸਾਲ) ਦਾ ਕਤਲ ਕਰ ਦਿਤਾ।' ਘਟਨਾ ਦਾ ਪਤਾ ਚੱਲਦੇ ਸਾਰ ਐਸ ਪੀ ਹਰਜੀਤ ਸਿੰਘ ਅਤੇ ਹੋਰ ਅਧਿਕਾਰੀ ਮੌਕੇ ਉਤੇ ਪਹੁੰਚੇ।




ਪੁਲਿਸ ਨੇ ਹਰਮਨਜੀਤ ਸਿੰਘ ਦੇ ਬਿਆਨਾਂ ਉੱਤੇ ਥਾਣਾ ਸਰਾਏ ਅਮਾਨਤ ਖਾਂ ਵਿਚ ਲੜਕੀ ਦੇ ਪਿਤਾ ਬੀਰ ਸਿੰਘ ਪੁੱਤਰ ਗੁਰਮੇਜ ਸਿੰਘ, ਭਰਾ ਸੁੱਖਾ ਸਿੰਘ, ਅਰਸ਼ਦੀਪ ਸਿੰਘ, ਵਰਦੀਪ ਸਿੰਘ, ਹੈਪੀ, ਗੋਬਿੰਦ ਅਤੇ ਮਨੀ ਦੇ ਨਾਲ 5-6 ਹੋਰ ਲੋਕਾਂ ਦੇ ਵਿਰੁੱਧ ਕੇਸ ਦਰਜ ਕਰ ਲਿਆ ਤੇ ਫ਼ਰਾਰ ਮੁਲਜ਼ਮਾਂ ਨੂੰ ਫੜਨ ਲਈ ਛਾਪੇਮਾਰੀ ਸ਼ੁਰੂ ਕਰ ਦਿਤੀ ਹੈ। ਤਰਨ ਤਾਰਨ ਦੇ ਐਸ ਐਸ ਪੀ ਧਰੁਵ ਦਹੀਆ ਨੇ ਕਿਹਾ ਕਿ ਇਸ ਤੀਹਰੇ ਕਤਲ ਕਾਂਡ ਦੇ ਮੁਲਜ਼ਮਾਂ ਨੂੰ ਫੜਨ ਲਈ ਪੁਲਿਸ ਪਾਰਟੀਆਂ ਬਣਾਈਆਂ ਗਈਆਂ ਹਨ ਅਤੇ ਜਲਦੀ ਹੀ ਸਾਰੇ ਪੁਲਿਸ ਦੀ ਗ੍ਰਿਫ਼ਤ ਵਿਚ ਹੋਣਗੇ।



## ਰੇਲਵੇ ਵਿਭਾਗ ਨੇ ਤਿੰਨ ਲੱਖ ਮੁਲਾਜ਼ਮਾਂ ਦੀ ਛਾਂਟੀ ਲਈ ਸੂਚੀ ਮੰਗੀ

ਨਵੀਂ ਦਿੱਲੀ, 30 ਜੁਲਾਈ (ਪੋਸਟ ਬਿਊਰੋ)- ਰੇਲਵੇ ਕੰਮ-ਚੋਰ ਮੁਲਾਜ਼ਮਾਂ ਦੀ ਛਾਂਟੀ ਕਰਨ ਜਾ ਰਿਹਾ ਹੈ। ਇਸ ਦੇ ਲਈ ਰੇਵਲੇ ਨੇ ਜੋਨਲ ਦਫਤਰਾਂ ਨੂੰ ਅਜਿਹੇ ਮੁਲਾਜ਼ਮਾਂ ਦੀ ਸੂਚੀ ਬਣਾਉਣ ਨੂੰ ਕਿਹਾ ਹੈ, ਜੋ 55 ਸਾਲ ਉਮਰ ਪਾਰ ਕਰ ਚੁੱਕੇ ਹਨ ਜਾਂ 2020 ਦੀ ਪਹਿਲੀ ਤਿਮਾਹੀ ਤੱਕ ਰੇਲਵੇ ਵਿੱਚ ਨੌਕਰੀ ਦੇ ਤੀਹ ਸਾਲ ਪੂਰੇ ਕਰ ਲੈਣਗੇ।

ਰੇਲ ਮੰਤਰਾਲੇ ਨਾਲ ਜੁੜੇ ਸੂਤਰਾਂ ਮੁਤਾਬਕ ਰੇਲਵੇ ਬੋਰਡ ਨੇ ਜੋਨਲ ਦਫਤਰਾਂ ਨੂੰ ਭੇਜੇ ਪੱਤਰ ਵਿੱਚ ਕਿਹਾ ਹੈ ਕਿ ਉਹ ਆਪਣੇ ਸਟਾਫ ਦਾ ਸਰਵਿਸ ਰਿਕਾਰਡ ਤਿਆਰ ਕਰਨ। ਇਸ ਦੇ ਨਾਲ ਉਨ੍ਹਾਂ ਦਾ ਪ੍ਰੋਫਾਰਮਾ ਨੱਥੀ ਹੋਣਾ ਚਾਹੀਦਾ ਹੈ। ਇਸ ਰਿਕਾਰਡ ਵਿੱਚ ਅਜਿਹੇ ਮੁਲਾਜ਼ਮਾਂ ਨੂੰ ਸ਼ਾਮਲ ਕੀਤਾ ਜਾਏ, ਜੋ 55 ਸਾਲ ਉਮਰ ਪਾਰ ਕਰ ਚੁੱਕੇ ਹੋਣ ਜਾਂ 2020 ਦੀ ਪਹਿਲੀ ਤਿਮਾਹੀ ਤੱਕ ਰੇਲਵੇ ਵਿੱਚ ਤੀਹ ਸਾਲ ਨੌਕਰੀ ਕਰ ਕੇ ਪੈਨਸ਼ਨ ਦੇ ਯੋਗ ਹੋਣ। ਰੇਲਵੇ ਦਾ ਇਹ ਪੱਤਰ 27 ਜੁਲਾਈ ਨੂੰ ਜਾਰੀ ਕੀਤਾ ਗਿਆ ਹੈ। ਇਸ ਵਿੱਚ ਰੇਲਵੇ ਬੋਰਡ ਨੇ ਜੋਨਲ ਦਫਤਰਾਂ ਦੇ ਲਈ ਲਿਸਟ ਭੇਜਣ ਦੀ ਆਖਰੀ ਤਰੀਕ ਨੌਂ ਅਗਸਤ ਤੈਅ ਕੀਤੀ ਹੈ। ਰੇਲਵੇ ਸੂਤਰਾਂ ਮੁਤਾਬਕ ਇਹ ਸਮੇਂ-ਸਮੇਂ ਕੀਤਾ ਜਾਂਦਾ ਰਿਵਿਊ ਹੈ। ਇਸ ਨਾਲ ਉਨ੍ਹਾਂ ਮੁਲਾਜ਼ਮਾਂ ਦੀ ਪਛਾਣ ਕੀਤੀ ਜਾਂਦੀ ਹੈ, ਜੋ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ। ਉਨ੍ਹਾਂ ਦੇ ਖਿਲਾਫ ਅਨੁਸ਼ਾਸਨਾਤਮਕ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਰਿਟਾਇਰ ਕੀਤਾ ਜਾਂਦਾ ਹੈ। ਰੇਲਵੇ ਵਿੱਚ 13 ਲੱਖ ਕਰਮਚਾਰੀ ਹਨ। ਮੰਤਰਾਲਾ ਚਾਹੁੰਦਾ ਹੈ ਕਿ ਇਸ ਗਿਣਤੀ ਨੂੰ ਘਟਾ ਕੇ 2020 ਤੱਕ 10 ਲੱਖ ਤੱਕ ਲਿਆਂਦਾ ਜਾ ਸਕੇ।

ਰੇਲਵੇ ਬੋਰਡ ਦੇ ਪੱਤਰ ਵਿੱਚ ਮੁਲਾਜ਼ਮਾਂ ਦੀ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲਈ ਸਮੀਖਿਆ ਰਿਪੋਰਟ ਮੰਗੀ ਗਈ ਹੈ। ਰਿਪੋਰਟ ਨੌਂ ਅਗਸਤ ਤੱਕ ਹਰ ਹਾਲਤ ਬੋਰਡ ਨੂੰ ਭੇਜਣੀ ਹੈ। ਰਿਪੋਰਟ ਵਿੱਚ ਇਹ ਸੂਚਨਾਵਾਂ ਮੰਗੀਆਂ ਗਈਆਂ ਹਨ ਕਿ ਪੰਜ ਸਾਲ ਵਿੱਚ ਕਿੰਨੀ ਵਾਰ ਬਿਮਾਰੀ ਦੀ ਵਜ੍ਹਾ ਨਾਲ ਛੁੱਟੀ ਲਈ, ਫੁਲ ਡੇ ਜਾਂ ਹਾਫ ਡੇ ਦੇ ਨਾਲ। ਇਹ ਵੀ ਦੱਸਣਾ ਹੈ ਕਿ ਐਲ ਡਬਲਯੂ ਪੀ ਕਿੰਨੀ ਵਾਰ ਹੋਏ। ਇਹ ਜਾਣਕਾਰੀ ਵੀ ਦੇਣੀ ਹੋਵੇਗੀ ਕਿ ਕਰਮਚਾਰੀ ਸਰੀਰਕ ਅਤੇ ਮਾਨਸਿਕ ਰੂਪ ਤੋਂ ਫਿੱਟ ਹੈ ਜਾਂ ਨਹੀਂ। ਉਸ ਨੇ ਸੰਬੰਧਤ ਕੰਮਾਂ ਦੇ ਲਈ ਪੱਤਰਾਚਾਰ ਪ੍ਰਮੁੱਖਤਾ ਨਾਲ ਕੀਤਾ ਜਾਂ ਨਹੀਂ।

## ਰਹਿਮ ਦੀਆਂ ਅਪੀਲਾਂ ਦੇ ਨਿਪਟਾਰੇ ਵਿੱਚ ਦੇਰ ਕਾਰਨ ਫਾਂਸੀ ਸਜ਼ਾ ਵਾਲੇ ਕਾਤਲ ਬਚੇ

ਮੁੰਬਈ, 30 ਜੁਲਾਈ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਨੇ ਰਹਿਮ ਦੀਆਂ ਅਪੀਲਾਂ ਦੇ ਨਿਪਟਾਰੇ ਵਿੱਚ ਦੇਰੀ ਨੂੰ ਆਧਾਰ ਮੰਨ ਕੇ ਸਮੂਹਿਕ ਬਲਾਤਕਾਰ ਦੇ ਬਾਅਦ ਇੱਕ ਮਹਿਲਾ ਦੇ ਕਤਲ ਦੇ ਦੋ ਦੋਸ਼ੀਆਂ ਦੀ ਸਜ਼ਾ 35 ਸਾਲ ਦੀ ਉਮਰ ਕੈਦ ਵਿੱਚ ਬਦਲ ਦਿੱਤੀ ਹੈ। ਇਹ ਮਹਿਲਾ ਪੁਣੇ ਦੇ ਵਿਪਰੋ ਕੰਪਨੀ ਦੇ ਬੀ ਪੀ ਓ ਵਿੱਚ ਕੰਮ ਕਰਦੀ ਸੀ। ਦੋਵਾਂ ਦੋਸ਼ੀਆਂ ਪੁਰਸ਼ੋਤਮ ਬੋਰਾਟੇ ਤੇ ਪ੍ਰਦੀਪ ਕੋਕਾਡੇ ਨੂੰ ਪੁਣੇ ਦੀ ਸੈਸ਼ਨ ਕੋਰਟ ਨੇ ਮਾਰਚ 2012 ਵਿੱਚ ਫਾਂਸੀ ਦੀ ਸਜ਼ਾ ਸੁਣਾਈ ਸੀ, ਜਿਸ ਨੂੰ ਪਹਿਲਾਂ ਹਾਈ ਕੋਰਟ ਤੇ ਫਿਰ ਸਾਲ 2015 ਵਿੱਚ ਸੁਪਰੀਮ ਕੋਰਟ ਨੇ ਕਾਇਮ ਰੱਖਿਆ ਸੀ। ਦੋਵਾਂ ਨੇ ਰਹਿਮ ਦੀ ਅਪੀਲ ਵਿੱਚ ਦੇਰੀ ਨੂੰ ਆਪਣਾ ਆਧਾਰ ਬਣਾਇਆ ਸੀ। ਬੋਰਾਟੇ ਅਤੇ ਕੋਕਾਡੇ ਨੂੰ 24 ਜੂਨ ਨੂੰ ਫਾਂਸੀ ਦਿੱਤੀ ਜਾਣੀ ਸੀ। ਜਸਟਿਸ ਬੀ ਪੀ ਧਰਮਾਧਿਕਾਰੀ ਅਤੇ ਜਸਟਿਸ ਸਵੱਪਨਾ ਜੋਸ਼ੀ ਦੀ ਬੈਂਚ ਨੇ ਕੱਲ੍ਹ ਦੋਸ਼ੀਆਂ ਦੀ ਉਸ ਅਪੀਲ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਵਿੱਚ ਉਨ੍ਹਾਂ ਨੇ ਆਪਣੇ ਡੈਥ ਵਾਰੰਟ 'ਤੇ ਰੋਕ ਲਾਉਣ ਲਈ ਕਿਹਾ ਸੀ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਇਸ ਕੇਸ ਵਿੱਚ ਮੌਤ ਦੀ ਸਜ਼ਾ 'ਤੇ ਅਮਲ ਕਰਨ ਵਿੱਚ ਹੋਈ ਦੇਰ ਬਿਨ੍ਹਾਂ ਵਜ੍ਹਾ ਸੀ। ਸੂਬਾ ਅਤੇ ਕੇਂਦਰ ਸਰਕਾਰ ਵੱਲੋਂ ਰਹਿਮ ਦੀਆਂ ਅਪੀਲਾਂ ਦੇ ਨਿਪਟਾਰੇ ਵਿੱਚ ਬਿਨ੍ਹਾਂ ਵਜ੍ਹਾ ਦੇਰੀ ਕੀਤੀ ਗਈ। ਕੋਰਟ ਨੇ ਕਿਹਾ, ਇਥੇ ਅਸੀਂ ਅਜਿਹੇ ਦੋ ਦੋਸ਼ੀਆਂ ਦੇ ਮਾਮਲੇ 'ਤੇ ਵਿਚਾਰ ਕਰ ਰਹੇ ਹਾਂ, ਜਿਨ੍ਹਾਂ ਨੂੰ ਫਾਂਸੀ ਦਿੱਤੀ ਜਾਣੀ ਹੈ। ਜਦ ਸੰਵਿਧਾਨ ਦੀ ਧਾਰਾ 21 (ਜੀਵਨ ਅਤੇ ਨਿੱਜੀ ਆਜ਼ਾਦੀ ਦਾ ਅਧਿਕਾਰ) ਦੀ ਸੁਰੱਖਿਆ ਦਾਅ ਉੱਤੇ ਹੋਵੇ ਤਾਂ ਵਿਧਾਇਕਾ, ਕਾਨੂੰਨ, ਗਵਰਨਰ ਅਤੇ ਰਾਸ਼ਟਰਪਤੀ ਸਾਰਿਆਂ ਨੂੰ ਇਕੱਠੇ ਖੜ੍ਹਾ ਹੋਣਾ ਚਾਹੀਦਾ ਹੈ। ਅਜਿਹੇ ਵਿੱਚ ਸੂਬਾ ਜਾਂ ਕੇਂਦਰ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਦੇਰੀ ਦੋਸ਼ੀਆਂ ਦੇ ਮੌਲਿਕ ਅਧਿਕਾਰਾਂ ਦੇ ਖਿਲਾਫ ਹੋਵੇਗੀ।



ਕੋਰਟ ਨੇ ਕਿਹਾ ਕਿ ਮੌਤ ਦੀ ਸਜ਼ਾ ਦਾ ਅਮਲ ਸੂਬਾ ਸਰਕਾਰ ਦੇ ਹੱਥ ਵਿੱਚ ਸੀ। ਸੂਬਾ ਸਰਕਾਰ ਨੂੰ ਫਾਂਸੀ ਦੀ ਸਜ਼ਾ ਦੀ ਤਰੀਕ ਮਿਥਣ ਦੇ ਨਾਲ ਡੈਥ ਵਾਰੰਟ ਪ੍ਰਾਪਤ ਕਰਨਾ ਚਾਹੀਦਾ ਸੀ। ਫਾਂਸੀ ਦੀ ਸਜ਼ਾ ਦੀ ਤਰੀਕ ਮਿਥਣ ਦੇ ਲਈ ਸੈਸ਼ਨ ਕੋਰਟ ਨੂੰ ਕੇਵਲ ਪੱਤਰ ਲਿਖਣ ਦੀ ਪ੍ਰਕਿਰਿਆ ਨੂੰ ਕਾਰਵਾਈ ਨਹੀਂ ਮੰਨਿਆ ਜਾ ਸਕਦਾ। ਅਜਿਹੀ ਸਥਿਤੀ ਵਿੱਚ ਦੋਸ਼ੀਆਂ ਵੱਲੋਂ ਜੇਲ੍ਹ ਵਿੱਚ ਪਹਿਲਾਂ ਤੋਂ ਬਿਤਾਏ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ 35 ਸਾਲ ਦੀ ਉਮਰ ਕੈਦ ਵਿੱਚ ਬਦਲਿਆ ਜਾਂਦਾ ਹੈ। ਬੈਂਚ ਨੇ ਸਰਕਾਰ ਸੰਸਥਾਵਾਂ ਵਿੱਚ ਸੰਪਰਕ ਦੇ ਲਈ ਟੈਲੀਗ੍ਰਾਮ ਵਰਗੇ ਪੁਰਾਣੇ ਤਰੀਕੇ ਅਪਣਾਉਣ ਦੀ ਵੀ ਨਿੰਦਾ ਕੀਤੀ ਅਤੇ ਕਿਹਾ ਕਿ ਅਸੀਂ 21ਵੀਂ ਸਦਗੀ ਵਿੱਚ ਹਾਂ ਤੇ ਇਸ ਡਿਜੀਟਲ ਯੁੱਗ ਵਿੱਚ ਸੂਚਨਾ ਦੇ ਲਈ ਈ-ਮੇਲ ਅਤੇ ਟੈਲੀਫੋਨ ਵਰਗੇ ਉਪਕਰਣਾਂ ਦਾ ਸਹਾਰਾ ਨਹੀਂ ਲੈਣ ਦਾ ਮਤਲਬ ਹੈ ਕਿ ਉਹ ਜਾਣਬੁੱਝ ਕੇ ਪ੍ਰਕਿਰਿਆ ਵਿੱਚ ਦੇਰੀ ਕਰ ਰਹੇ ਸਨ।

ਮਹਾਰਾਸ਼ਟਰ ਦੇ ਗਵਰਨਰ ਨੇ 2016 ਵਿੱਚ ਅਤੇ ਰਾਸ਼ਟਰਪਤੀ ਨੇ 2017 ਵਿੱਚ ਇਨ੍ਹਾਂ ਦੋਸ਼ੀਆਂ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਸੀ। ਪੁਣੇ ਦੀ ਸੈਸ਼ਨ ਕੋਰਟ ਨੇ 10 ਅਪਰੈਲ ਨੂੰ ਵਾਰੰਟ ਜਾਰੀ ਕਰ ਕੇ ਫਾਂਸੀ ਲਈ 24 ਜੂਨ ਦੀ ਤਰੀਕ ਤੈਅ ਕੀਤੀ। ਵਰਣਨਯੋਗ ਹੈ ਕਿ ਇਹ ਘਟਨਾ ਇੱਕ ਨਵੰਬਰ 2007 ਦੀ ਹੈ ਜਦ ਪੀੜਤਾ ਨਾਈਟ ਸ਼ਿਫਟ ਦੇ ਲਈ ਕੰਪਨੀ ਦੀ ਕੈਬ 'ਚ ਜਾ ਰਹੀ ਸੀ। ਪੁਰਸ਼ੋਤਮ ਬੋਰਾਟੇ ਕੈਬ ਚਲਾ ਰਿਹਾ ਸੀ, ਜਦ ਕਿ ਉਸ ਦਾ ਦੋਸਤ ਕੋਕਡੇ ਉਸ ਦੇ ਨਾਲ ਸੀ। ਕੈਬ ਨੂੰ ਸੁੰਨਸਾਨ ਜਗ੍ਹਾ 'ਤੇ ਲੈ ਜਾਣ ਦੇ ਬਾਅਦ ਦੋਵਾਂ ਨੇ ਮਹਿਲਾ ਨਾਲ ਬਲਾਤਕਾਰ ਕੀਤਾ ਅਤੇ ਬਾਅਦ ਵਿੱਚ ਦੁਪੱਟੇ ਨਾਲ ਉਸ ਦਾ ਗਲਾ ਘੁੱਟ ਦਿੱਤਾ। ਪਛਾਣ ਛੁਪਾਉਣ ਦੇ ਲਈ ਦੋਵਾਂ ਨੇ ਪੀੜਤਾਂ ਦਾ ਚਿਹਰਾ ਵਿਗਾੜ ਦਿੱਤਾ।

## ਗਊ ਤਸਕਰਾਂ ਨੇ ਬਾਈਕ ਉੱਤੇ ਪਿੱਛਾ ਕਰ ਰਹੇ ਗਊ ਰੱਖਿਅਕ ਨੂੰ ਗੋਲੀ ਮਾਰੀ, ਹਸਪਤਾਲ ਵਿੱਚ ਮੌਤ



ਪਲਵਲ, 30 ਜੁਲਾਈ (ਪੋਸਟ ਬਿਊਰੋ)- ਗਊ ਤਸਕਰਾਂ ਨੇ ਪਿੱਛਾ ਕਰਦੇ ਇੱਕ ਬਾਈਕ ਸਵਾਰ ਗਊ ਰੱਖਿਅਕ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਤੇ ਮੌਕੇ ਤੋਂ ਗੱਡੀ ਲੈ ਕੇ ਫਰਾਰ ਹੋ ਗਏ। ਜ਼ਖਮੀ ਗਊ ਰੱਖਿਅਕ ਨੇ ਗੋਲੀ ਲੱਗਣ ਦੇ ਬਾਅਦ ਬਾਈਕ ਅਤੇ ਘਰ ਪਹੁੰਚ ਕੇ ਪਰਵਾਰ ਨੂੰ ਕਿਹਾ ਕਿ ਉਸ ਨੂੰ ਗੋਲੀ ਲੱਗੀ ਹੈ, ਬਚਾ ਲਓ। ਇੰਨਾ ਕਹਿਣ ਦੇ ਬਾਅਦ ਉਹ ਬੇਹੋਸ਼ ਹੋ ਗਿਆ ਅਤੇ ਹਸਪਤਾਲ ਵਿੱਚ ਪਹੁੰਚਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਸੂਚਨਾ ਮਿਲਣ 'ਤੇ ਸਦਰ ਥਾਣਾ ਇੰਚਾਰਜ ਸੁਮਨ ਕੁਮਾਰ ਪੁਲਸ ਸਮੇਤ ਮੌਕੇ 'ਤੇ ਪਹੁੰਚ ਗਏ। ਹਸਪਤਾਲ ਵਿੱਚ ਕਾਫੀ ਗਿਣਤੀ ਵਿੱਚ ਗਊ ਰੱਖਿਅਕ ਇਕੱਠੇ ਹੋ ਗਏ। ਜ਼ਿਲ੍ਹਾ ਸਿਵਲ ਹਸਪਤਾਲ ਵਿੱਚ ਮ੍ਰਿਤਕ ਸੌਂਦਹਦ ਦੇ ਪਿੰਡ ਵਾਸੀ ਗੋਪਾਲ ਦੇ ਵੱਡੇ ਭਰਾ ਜਲਬੀਰ ਨੇ ਦੱਸਿਆ ਕਿ ਉਸਦਾ ਭਰਾ ਗਊ ਰੱਖਿਅਕ ਦਲ ਨਾਲ ਜੁੜਿਆ ਹੋਇਆ ਸੀ ਅਤੇ ਆਏ ਦਿਨ ਗਊ ਤਸਕਰਾਂ ਨੂੰ ਫੜ ਕੇ ਪੁਲਸ ਦੇ ਹਵਾਲੇ ਕਰਦਾ ਸੀ। ਪਿਛਲੇ ਦਿਨੀਂ ਦਲ ਦੇ ਮੈਂਬਰਾਂ ਦੇ ਨਾਲ ਗੋਪਾਲ ਨੇ ਗਊਆਂ ਨਾਲ ਭਰੇ ਵਾਹਨਾਂ ਨੂੰ ਫੜਵਾਇਆ ਸੀ, ਜਿਸ ਦੇ ਬਾਅਦ ਤੋਂ ਗੋਪਾਲ ਨੂੰ ਗਊ ਤਸਕਰਾਂ ਵੱਲੋਂ ਧਮਕੀਆਂ ਵੀ ਮਿਲ ਰਹੀਆਂ ਸਨ। ਜਲਬੀਰ ਨੇ ਦੱਸਿਆ ਕਿ ਕੱਲ੍ਹ ਸ਼ਾਮ ਉਸ ਦਾ ਭਰਾ ਬਾਈਕ ਲੈ ਕੇ ਗਿਆ ਅਤੇ ਕੁਝ ਦੇਰ ਬਾਅਦ ਵਾਪਸ ਆਇਆ ਅਤੇ ਕਿਹਾਕਿ ਉਹ ਨੂੰਹ ਮਾਰਗ 'ਤੇ ਗਊ ਤਸਕਰਾਂ ਦਾ ਪਿੱਛਾ ਕਰ ਰਿਹਾ ਸੀ।

## ਹਿੰਦੋਸਤਾਨ ਦੂਸ਼ਿਤ ਭੋਜਨ ਅਤੇ ਪਾਣੀ ਦੀ ਭਾਰੀ ਕੀਮਤ ਚੁਕਾ ਰਿਹੈ

ਲਖਨਊ, 30 ਜੁਲਾਈ (ਪੋਸਟ ਬਿਊਰੋ)- ਪ੍ਰਦੂਸ਼ਣ ਦੀ ਦਿਨ ਬ ਦਿਨ ਗੰਭੀਰ ਹੁੰਦੀ ਸਮੱਸਿਆ ਨਾਲ ਜੂਝ ਰਹੇ ਭਾਰਤ ਨੂੰ ਭੋਜਨ ਅਤੇ ਪਾਣੀ ਦੇ ਦੂਸ਼ਿਤ ਹੋਣ ਦੀ ਬਹੁਤ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ ਤੇ ਹਾਲਾਤ ਨੂੰ ਠੀਕ ਨਾ ਕੀਤਾ ਗਿਆ ਤਾਂ ਸਾਲ 2022 ਤੱਕ ਇਹ ਨੁਕਸਾਨ 9,50,000 ਕਰੋੜ ਰੁਪਏ ਦਾ ਅੰਕੜਾ ਛੂਹ ਸਕਦਾ ਹੈ।



ਫਾਊਂਡੇਸ਼ਨ ਫਾਰ ਮਿਲੇਨੀਅਮ ਸਸਟੇਨੇਬਲ ਡਿਵੈਲਪਮੈਂਟ ਗੋਲਸ (ਐਸ ਡੀ ਜੀ) ਅਤੇ ਰਿਸਰਚ ਫਰਮ ਥਾਟ ਆਰਬੀਟ੍ਰੇਜ ਦੇ ਇੱਕ ਤਾਜ਼ਾ ਸਾਂਝੇ ਅਧਿਐਨ ਵਿੱਚ ਇਹ ਖੁਲਾਸਾ ਹੋਇਆ ਹੈ। ਜੀਵਨ ਲਈ ਲੋੜੀਂਦੇ ਪਾਣੀ ਅਤੇ ਭੋਜਨ ਦੇ ਦੂਸ਼ਿਤ ਹੋਣ ਨਾਲ ਦੇਸ਼ ਨੂੰ ਸਾਲ 2016-17 ਵਿੱਚ 7,37,457 ਕਰੋੜ ਰੁਪਏ ਨੁਕਸਾਨ ਹੋਇਆ ਹੈ। ਇਹ ਭਾਰੀ ਰਕਮ ਦੇਸ਼ ਦੇ ਕੁੱਲ ਜੀ ਡੀ ਪੀ ਦਾ 4.8 ਫੀਸਦੀ ਹੈ। ਅਧਿਐਨ ਦੇ ਮੁਤਾਬਕ ਸਰਕਾਰ, ਨੀਤੀ ਨਿਰਧਾਰਕਾਂ ਅਤੇ ਹੋਰਨਾਂ ਹਿੱਤ ਧਾਰਕਾਂ ਲਈ ਇਹ ਜ਼ਰੂਰੀ ਹੈ ਕਿ ਉਹ ਖੁਰਾਕ ਸੁਰੱਖਿਆ ਖੇਤਰ ਵਿੱਚ ਸਬੂਤ ਆਧਾਰਤ ਲੋੜਾਂ ਤੈਅ ਕਰਨ। ਉਨ੍ਹਾਂ ਲੋੜਾਂ ਦਾ ਮਕਸਦ ਭਾਰਤ ਵਿੱਚ ਭੋਜਨ ਅਤੇ ਪਾਣੀ ਦੇ ਦੂਸ਼ਿਤ ਹੋਣ ਦੇ ਸਿਲਸਿਲੇ ਨੂੰ ਪ੍ਰਭਾਵੀ ਤਰੀਕੇ ਨਾਲ ਘੱਟ ਕਰਨਾ ਹੋਣਾ ਚਾਹੀਦਾ ਹੈ। ਫਾਊਂਡੇਸ਼ਨ ਦੇ ਚੇਅਰਮੈਨ ਡੀ ਐੱਸ ਰਾਵਤ ਨੇ 'ਟਵਿੰਨ ਬਰਡੇਨ ਆਫ ਕਮਿਊਨੀਕੇਬਲ ਡਿਸੀਜ਼ਸ (ਸੀ ਡੀਜ਼) ਐਂਡ ਨਾਨ ਕਮਿਊਨੀਕੇਬਲ ਡਿਸੀਜ਼ਜ (ਐੱਸ ਸੀ ਡੀਜ਼) : ਇਕੋਨਾਮਿਕ ਬਰਡੇਨ ਆਫ ਫੂਡ ਐਂਡ ਵਾਟਰ ਕਨਟੈਮਿਨੇਸ਼ਨ ਇਨ ਇੰਡੀਆ' ਸਿਰਲੇਖ ਵਾਲੀ ਅਧਿਐਨ ਰਿਪੋਰਟ ਨੂੰ ਜਾਰੀ ਕਰਦੇ ਹੋਏ ਕਿਹਾ ਕਿ ਸਾਲ 2016-17 ਦੇ ਦੌਰਾਨ ਦੂਸ਼ਿਤ ਭੋਜਨ ਅਤੇ ਪਾਣੀ ਨਾਲ ਹੋਈਆਂ ਬਿਮਾਰੀਆਂ ਦੇ ਇਲਾਜ ਦਾ ਕੁੱਲ ਪ੍ਰਤੱਖ ਅਨੁਮਾਨਿਤ ਖਰਚ 32941 ਕਰੋੜ ਰੁਪਏ ਸੀ। ਮੈਡੀਕਲ ਖਰਚਿਆਂ 'ਚ ਹਸਪਤਾਲ 'ਚ ਭਰਤੀ ਹੋਣ ਜਾਂ ਨਾ ਹੋਣ 'ਤੇ ਆਉਣ ਵਾਲਾ ਖਰਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਜਿੱਥੇ ਦੁਨੀਆ 'ਚ ਦੂਸ਼ਿਤ ਭੋਜਨ ਕਾਰਨ ਹੋਣ ਵਾਲੀਆਂ ਬਿਮਾਰੀਆਂ ਨੂੰ ਸਿਹਤ ਅਤੇ ਸਮਾਜਕ, ਆਰਥਿਕ ਵਿਕਾਸ ਲਈ ਗੰਭੀਰ ਖਤਰਾ ਮੰਨਦੇ ਹੋਏ ਉਨ੍ਹਾਂ ਤੋਂ ਬਚਾਅ ਲਈ ਕੌਮਾਂਤਰੀ ਪੱਧਰ 'ਤੇ ਜਾਗਰੂਕਤਾ ਫੈਲਾਈ ਜਾ ਰਹੀ ਹੈ। ਬਦਕਿਸਮਤੀ ਨਾਲ ਭਾਰਤ ਵਿੱਚ ਇਹ ਮੁੱਦਾ ਹੁਣ ਵੀ ਹਾਸ਼ੀਏ 'ਤੇ ਹੈ। ਰਿਪੋਰਟ ਵਿੱਚ ਭੋਜਨ ਅਤੇ ਪਾਣੀ ਦੀ ਗੁਣਵੱਤਾ ਅਤੇ ਸੁਰੱਖਿਆ ਯਕੀਨੀ ਕਰਨ ਲਈ ਸੰਸਥਾਨਾਂ, ਕਿਸਾਨਾਂ, ਉਦਯੋਗਾਂ, ਖਪਤਕਾਰਾਂ ਅਤੇ ਰੈਸਟੋਰੈਂਟਾਂ, ਹੋਟਲ ਅਤੇ ਢਾਬਾ ਸੰਚਾਲਕਾਂ ਲਈ ਛੇ ਤਰਫਾ ਰਣਨੀਤੀ ਦਾ ਸੁਝਾਅ ਦਿੱਤਾ ਗਿਆ ਹੈ।

## ਸਨੀ ਲਿਓਨ ਨਾਲ ਗੱਲ ਕਰਨ ਲਈ ਨੌਜਵਾਨ ਨੂੰ 400 ਲੋਕ ਕਰ ਚੁੱਕੇ ਹਨ ਫੋਨ

ਨਵੀਂ ਦਿੱਲੀ, 30 ਜੁਲਾਈ (ਪੋਸਟ ਬਿਊਰੋ)- ਦਿੱਲੀ ਦੇ ਮੌਰਿਆ ਇਨਕਲੇਵ ਵਿੱਚ ਰਹਿਣ ਵਾਲਾ ਨੌਜਵਾਨ ਪਿਛਲੇ ਤਿੰਨ ਦਿਨ ਤੋਂ ਪ੍ਰੇਸ਼ਾਨ ਹੈ। ਲੋਕ ਉਸ ਦੇ ਕੋਲ ਸਨੀ ਲਿਓਨ ਨਾਲ ਗੱਲ ਕਰਨ ਲਈ ਦਿਨ-ਰਾਤ ਫੋਨ ਕਰ ਰਹੇ ਹਨ। ਤਿੰਨ ਦਿਨ ਵਿੱਚ ਉਸ ਦੇ ਕੋਲ ਦੇਸ਼-ਵਿਦੇਸ਼ ਤੋਂ 400 ਲੋਕ ਫੋਨ ਕਰ ਚੁੱਕੇ ਹਨ। ਇਸ ਤੋਂ ਪ੍ਰੇਸ਼ਾਨ ਹੋ ਕੇ ਨੌਜਵਾਨ ਨੇ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਵੀ ਦਰਜ ਕਰਵਾ ਦਿੱਤੀ ਹੈ। ਪੁਨੀਤ ਅਗਰਵਾਲ (27) ਇੱਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰਦਾ ਹੈ। ਉਸ ਨੇ ਕਿਹਾ, ਸ਼ੁੱਕਰਵਾਰ ਨੂੰ ਸਨੀ ਲਿਓਨੀ ਦੀ ਫਿਲਮ 'ਅਰਜੁਨ ਪਟਿਆਲਾ' ਰਿਲੀਜ਼ ਹੋਈ ਹੈ ਅਤੇ ਫਿਲਮ ਦੇ ਇੱਕ ਸੀਨ ਵਿੱਚ ਉਹ ਸਹਿ-ਅਭਿਨੇਤਾ ਨੂੰ ਆਪਣਾ ਮੋਬਾਈਲ ਨੰਬਰ ਦਿੰਦੀ ਹੈ, ਜੋ ਅਸਲ ਵਿੱਚ ਮੇਰਾ ਨੰਬਰ ਹੈ। ਸ਼ੁੱਕਰਵਾਰ ਤੋਂ ਹੀ ਲੋਕ ਮੇਰੇ ਵੱਲ ਸਨੀ ਲਿਓਨ ਨਾਲ ਗੱਲ ਕਰਨ ਲਈ ਕਾਲ ਕਰ ਰਹੇ ਹਨ।

## ਪਾਕਿਸਤਾਨ ਵਿੱਚ ਹਿੰਦੂਆਂ-ਸਿੱਖਾਂ ਉਤੇ ਅੱਤਿਆਚਾਰ ਬਾਰੇ ਭਾਰਤ ਦੀ ਪਾਰਲੀਮੈਂਟ ਵਿੱਚ ਚਰਚਾ

ਨਵੀਂ ਦਿੱਲੀ, 30 ਜੁਲਾਈ (ਪੋਸਟ ਬਿਊਰੋ)- ਲੋਕ ਸਭਾ 'ਚ ਕੱਲ੍ਹ ਭਾਜਪਾ ਮੈਂਬਰ ਸ਼ੰਕਰ ਲਾਲਵਾਨੀ ਨੇ ਪਾਕਿਸਤਾਨ 'ਚ ਹਿੰਦੂਆਂ ਤੇ ਸਿੱਖਾਂ ਵਰਗੇ ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰ ਦਾ ਮੁੱਦਾ ਉਠਾਇਆ ਤੇ ਉਨ੍ਹਾਂ ਕੇਂਦਰ ਸਰਕਾਰ ਤੋਂ ਪੀੜਤਾਂ ਦੀ ਮਦਦ ਦੀ ਮੰਗ ਕੀਤੀ।

ਇੰਦੌਰ ਤੋਂ ਪਾਰਲੀਮੈਂਟ ਮੈਂਬਰ ਸ਼ੰਕਰ ਲਾਲਵਾਨੀ ਨੇ ਸਿਫਰ ਕਾਲ ਵਿੱਚ ਇਸ ਵਿਸ਼ੇ ਨੂੰ ਉਠਾਉਂਦੇ ਹੋਏ ਕਿਹਾ ਕਿ ਪਾਕਿਸਤਾਨ ਵਿੱਚ ਮੰਦਰ ਤੇ ਗੁਰਦੁਆਰੇ ਤੋੜੇ ਜਾ ਰਹੇ ਹਨ। ਘੱਟ ਗਿਣਤੀ ਭਾਈਚਾਰੇ ਦੀਆਂ ਬੱਚੀਆਂ ਦਾ ਜਬਰਨ ਧਰਮ ਪਰਿਵਰਤਨ ਕਰਵਾਇਆ ਜਾਂਦਾ ਹੈ। ਉਹ ਲੋਕ ਨਰਿੰਦਰ ਮੋਦੀ ਸਰਕਾਰ ਤੋਂ ਮਦਦ ਦੀ ਆਸ ਕਰ ਰਹੇ ਹਨ। ਸਰਕਾਰ ਨੂੰ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਠਾਉਣਾ ਚਾਹੀਦਾ ਹੈ। ਘੱਟ ਗਿਣਤੀਆਂ ਦੇ ਨਾਲ ਖਰਾਬ ਵਰਤਾਓ ਨਹਿਰੂ-ਲਿਆਕਤ ਸਮਝੌਤੇ ਦੀ ਵੀ ਉਲੰਘਣਾ ਹੈ।



ਇਕ ਹੋਰ ਮੁੱਦੇ ਉਤੇ ਵਿਨੋਦ ਸੋਨਕਰ ਨੇ ਇਹ ਕਿਹਾ ਕਿ ਪ੍ਰਯਾਗਰਾਜ ਵਿੱਚ ਹਾਈ ਕੋਰਟ, ਰੇਲਵੇ ਸਟੇਸ਼ਨ, ਏਅਰਪੋਰਟ ਅਤੇ ਯੂਨੀਵਰਸਿਟੀ ਦਾ ਨਾਂ ਵੀ ਇਲਾਹਾਬਾਦ ਉੱਤੇ ਹੈ। ਉਨ੍ਹਾਂ ਇਨ੍ਹਾਂ ਦੇ ਨਾਵਾਂ ਨੂੰ ਬਦਲਣ ਦੀ ਮੰਗ ਕੀਤੀ। ਬਸਪਾ ਮੈਂਬਰ ਦਾਨਿਸ਼ ਅਲੀ ਨੇ ਉਤਰ ਪ੍ਰਦੇਸ਼ ਦੇ ਗੰਨਾ ਕਿਸਾਨਾਂ ਦੇ ਬਕਾਏ ਦੇ ਭੁਗਤਾਨ ਦਾ ਮੁੱਦਾ ਉਠਾਇਆ। ਭਾਜਪਾ ਦੇ ਰਾਜੀਵ ਪ੍ਰਤਾਪ ਰੂਡੀ ਨੇ ਕਿਹਾ ਕਿ ਲੋਕ ਸਭਾ ਖੇਤਰਾਂ ਵਿੱਚ ਸੰਚਾਲਤ ਹੋਣ ਵਾਲੇ ਪ੍ਰਾਜੈਕਟਾਂ ਦੇ ਬਾਰੇ ਸਬੰਧਤ ਮੈਂਬਰਾਂ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਹੈ। ਭਾਜਪਾ ਨੇਤਾ ਵਰੁਣ ਗਾਂਧੀ ਨੇ ਵਾਤਾਵਰਨ ਪ੍ਰਦੂਸ਼ਣ ਦਾ ਮੁੱਦਾ ਉਠਾਉਂਦੇ ਹੋਏ ਕਿਹਾ ਕਿ ਇਸ ਨਾਲ ਲੋਕਾਂ ਨੂੰ ਕੈਂਸਰ ਵਰਗੀਆਂ ਬਿਮਾਰੀਆਂ ਹੋ ਰਹੀਆਂ ਹਨ।

## ਪੁਲਸ ਸਟੇਸ਼ਨ ਵਿੱਚ ਖੁਦ ਨੂੰ ਅੱਗ ਲਾਉਣ ਵਾਲੀ ਮਹਿਲਾ ਦੀ ਮੌਤ

ਜੈਪੁਰ, 30 ਜੁਲਾਈ (ਪੋਸਟ ਬਿਊਰੋ)- ਪਤੀ ਦੇ ਚਚੇਰੇ ਭਰਾ 'ਤੇ ਜਬਰ ਜਨਾਹ ਦਾ ਦੋਸ਼ ਲਾਉਣ ਵਾਲੀ ਮਹਿਲਾ ਦੀ ਕੱਲ੍ਹ ਇਥੇ ਹਸਪਤਾਲ 'ਚ ਮੌਤ ਹੋ ਗਈ। ਉਸ ਨੇ ਦੋਸ਼ੀ ਦੀ ਗ੍ਰਿਫਤਾਰੀ ਦੀ ਮੰਗ ਲਈ ਬੀਤੇ ਦਿਨੀਂ ਪੁਲਸ ਸਟੇਸ਼ਨ 'ਚ ਖੁਦ ਨੂੰ ਅੱਗ ਲਾ ਲਈ ਸੀ। ਕੌਮੀ ਮਹਿਲਾ ਕਮਿਸ਼ਨ ਨੇ ਮਾਮਲੇ ਦੀ ਜਾਂਚ ਲਈ ਟੀਮ ਜੈਪੁਰ ਭੇਜੀ ਹੈ।



ਕਰੀਬ 36 ਸਾਲਾਂ ਦੀ ਮਹਿਲਾ ਨੇ ਜੂਨ 'ਚ ਵੈਸ਼ਾਲੀ ਨਗਰ ਪੁਲਸ ਸਟੇਸ਼ਨ 'ਚ ਕੇਸ ਦਰਜ ਕਰਵਾਇਆ ਅਤੇ ਦੋਸ਼ ਲਾਇਆ ਸੀ ਕਿ ਪਤੀ ਦੇ ਚਚੇਰੇ ਭਰਾ ਨੇ 2015 'ਚ ਉਸ ਨਾਲ ਜਬਰ ਜਨਾਹ ਕੀਤਾ ਸੀ। ਮਹਿਲਾ ਆਪਣੇ ਛੋਟੇ ਪੁੱਤਰ ਨਾਲ ਬੀਤੇ ਦਿਨੀਂ ਪੁਲਸ ਸਟੇਸ਼ਨ ਗਈ ਤੇ ਗੇਟ ਨੇੜੇ ਜਲਣਸ਼ੀਲ ਤਰਲ ਪਦਾਰਥ ਆਪਣੇ ਸਰੀਰ 'ਤੇ ਸੁੱਟ ਕੇ ਅੱਗ ਲਗਾ ਲਈ। ਉਸ ਨੂੰ ਐਸ ਐਮ ਐਸ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿਥੇ ਕੱਲ੍ਹ ਸਵੇਰੇ ਉਸ ਨੇ ਦਮ ਤੋੜ ਦਿੱਤਾ। ਪੁਲਸ ਨੇ ਕਿਹਾ ਕਿ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ, ਕਿਉਂਕਿ ਜਾਂਚ ਤੋਂ ਪਤਾ ਲੱਗਾ ਕਿ ਦੋਵਾਂ ਦੇ ਅਕਤੂਬਰ 2015 ਤੋਂ ਨਾਜਾਇਜ਼ ਸਬੰਧ ਸਨ। ਇਸ ਸਾਲ ਅਪ੍ਰੈਲ ਵਿੱਚ ਵਿਅਕਤੀ ਦਾ ਰਿਸ਼ਤਾ ਤੈਅ ਹੋ ਗਿਆ ਤਾਂ ਦੋਵਾਂ ਵਿਚਕਾਰ ਸਬੰਧ ਵਿਗੜ ਗਏ। ਪੁਲਸ ਦਾ ਦਾਅਵਾ ਹੈ ਕਿ ਮਹਿਲਾ ਰਿਸ਼ਤੇ ਤੋਂ ਨਾਖੁਸ਼ ਸੀ ਜਿਸ ਕਾਰਨ ਉਸ ਨੇ ਐਫ ਆਈ ਆਰ ਦਰਜ ਕਰਵਾਈ ਸੀ। ਉਨ੍ਹਾਂ ਮੁਤਾਬਕ ਮਹਿਲਾ ਨੇ ਰਿਸ਼ਤਾ ਤੁੜਵਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਪੁਲਸ ਨੇ ਕਿਹਾ ਕਿ ਮਹਿਲਾ ਦਾ ਆਪਣੇ ਪਤੀ ਨਾਲ ਰਿਸ਼ਤਾ ਠੀਕ ਨਹੀਂ ਸੀ, ਜੋ ਸੈਨਾ ਤੋਂ ਸੇਵਾਮੁਕਤ ਹੋਇਆ ਸੀ ਅਤੇ ਉਨ੍ਹਾਂ ਤਲਾਕ ਲਈ ਅਰਜ਼ੀ ਦਿੱਤੀ ਹੋਈ ਸੀ। ਜਦੋਂ ਪੰਜ ਜੂਨ ਨੂੰ ਉਹ ਸ਼ਿਕਾਇਤ ਦਰਜ ਕਰਵਾਉਣ ਗਈ ਤਾਂ ਪਤੀ ਵੀ ਉਸ ਨਾਲ ਸੀ।

## ਦੇਸ਼ ਦੇ 65 ਸ਼ਹਿਰਾਂ ਵਿੱਚ 5645 ਇਲੈਕਟ੍ਰਿਕ ਬੱਸਾਂ ਨੂੰ ਮਨਜ਼ੂਰੀ

ਨਵੀਂ ਦਿੱਲੀ, 30 ਜੁਲਾਈ (ਪੋਸਟ ਬਿਊਰੋ)- ਨੀਤੀ ਕਮਿਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਅਮਿਤਾਭ ਕਾਂਤ ਨੇ ਕਿਹਾ ਕਿ ਅੰਤਰ ਮੰਤਰਾਲਾ ਕਮੇਟੀ ਨੇ 65 ਸ਼ਹਿਰਾਂ ਵਿੱਚ ਪਰਿਚਾਲਨ ਦੇ ਲਈ 5645 ਇਲੈਕਟ੍ਰਿਕ ਬੱਸਾਂ ਨੂੰ ਮਨਜ਼ੂਰੀ ਦਿੱਤੀ ਹੈ। ਪਿਛਲੇ ਹਫਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ ਅਗਵਾਈ ਹੇਠ ਜੀ ਐਸ ਟੀ ਕੌਂਸਲ ਨੇ ਈ-ਵਾਹਨਾਂ ਉੱਤੇ ਟੈਕਸ ਦੀ ਦਰ 12 ਪ੍ਰਤੀਸ਼ਤ ਤੋਂ ਘਟਾ ਕੇ ਪੰਜ ਪ੍ਰਤੀਸ਼ਤ ਕਰ ਦਿੱਤੀ ਸੀ। ਇਹ ਕਟੌਤੀ ਇਕ ਅਗਸਤ ਤੋਂ ਪ੍ਰਭਾਵ ਵਿੱਚ ਆਵੇਗੀ ਅਤੇ ਬਾਕੀ ਫੈਸਲੇ ਇਸ ਨਾਲ ਸੰਬੰਧਤ ਹੋ ਰਹੇ ਹਨ।

ਕੇਂਦਰ ਵਾਤਾਵਰਨ ਅਨੁਕੂਲ ਇਲੈਕਟ੍ਰਿਕ ਵਾਹਨਾਂ ਨੂੰ ਲੋਕਪ੍ਰਿਅ ਬਣਾਉਣ ਲਈ ਕਦਮ ਚੁੱਕ ਰਿਹਾ ਹੈ। ਵਿੱਤ ਸਾਲ 2019-20 ਦੇ ਬਜਟ ਵਿੱਚ ਸਰਕਾਰ ਨੇ ਇਲੈਕਟ੍ਰਿਕ ਵਾਹਨਾਂ ਦੀ ਖਰੀਦ ਬਾਰੇ ਲਏ ਗਏ ਕਰਜ਼ ਉਤੇ 1.5 ਲੱਖ ਰੁਪਏ ਤੱਕ ਦੇ ਵਿਆਜ 'ਤੇ ਵਾਧੂ ਇਨਕਮ ਟੈਕਸ ਛੋਟ ਦੇਣ ਦਾ ਪ੍ਰਸਤਾਵ ਕੀਤਾ ਹੈ। ਇਸ ਦੇ ਇਲਾਵਾ ਇਲੈਕਟ੍ਰਿਕ ਵਾਹਨਾਂ ਦੇ ਕੁਝ ਕਲ ਪੁਰਜ਼ਿਆਂ 'ਤੇ ਕਸਟਮ ਡਿਊਟੀ ਤੋਂ ਛੋਟ ਦਿੱਤੀ ਗਈ ਹੈ। ਕੇਂਦਰ ਨੇ ਹਾਲ ਹੀ ਵਿੱਚ ਇਲੈਕਟ੍ਰਿਕ ਵਾਹਨਾਂ ਅਤੇ ਉਸ ਨਾਲ ਜੁੜੇ ਢਾਂਚੇ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਤਹਿਤ 10,000 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਹੈ। ਉਧਰ ਹੀਰੋ ਇਲੈਕਟ੍ਰਿਕ ਸਕੂਟਰ ਦੇ ਪ੍ਰੋਡਕਸ਼ਨ ਨੂੰ ਵਧਾਉਣ ਲੱਗੀ ਹੈ। ਮੌਜੂਦਾ ਸਮੇਂ ਵਿੱਚ ਹੀਰੋ ਦੀ ਇਕ ਲੱਖ ਇਲੈਕਟ੍ਰਿਕ ਸਕੂਟਰਾਂ ਦੇ ਉਤਪਾਦਨ ਦੀ ਸਮਰੱਥਾ ਹੈ। ਕੰਪਨੀ ਇਸ ਨੂੰ ਵਧਾ ਕੇ ਪੰਜ ਲੱਖ ਸਾਲਾਨਾ ਕਰਨ ਦੀ ਕੋਸ਼ਿਸ਼ ਵਿੱਚ ਹੈ। ਇਸ ਦੇ ਲਈ ਉਹ ਅਗਲੇ ਤਿੰਨ ਸਾਲ ਵਿੱਚ 500-700 ਕਰੋੜ ਰੁਪਏ ਨਿਵੇਸ਼ ਕਰੇਗੀ। ਹੀਰੋ ਇਲੈਕਟ੍ਰਿਕ ਦੇ ਮੈਨੇਜਿੰਗ ਡਾਇਰੈਕਟਰ ਨਵੀਨ ਮੁੰਜਾਲ ਨੇ ਕਿਹਾ ਕਿ ਅਸੀਂ ਇਲੈਕਟ੍ਰਿਕ ਵਾਹਨਾਂ ਦੇ ਹਰ ਖੇਤਰ ਵਿੱਚ ਵਧ ਰਹੇ ਹਾਂ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777




31 Melanie Dr. Unit #4 Brampton, ON L6T 5H8
Avtar Singh Tiwana
Sales Rep.



FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੌਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

### ਯੂ ਐੱਨ ਨੇ ਕਿਹਾ:


## ਆਈ ਐੱਸ ਦੇ ਖਿਲਾਫ ਵੀ ਨਾਜ਼ੀਆਂ ਵਾਂਗ ਮੁਕੱਦਮੇ ਚੱਲਣ



ਬਗਦਾਦ, 30 ਜੁਲਾਈ (ਪੋਸਟ ਬਿਊਰੋ)- ਅੱਤਵਾਦੀ ਸੰਗਠਨ ਇਸਲਾਮਕ ਸਟੇਟ (ਆਈ ਐੱਸ) ਦੇ ਅਪਰਾਧਾਂ ਦੀ ਜਾਂਚ ਕਰਨ ਵਾਲੇ ਯੂ ਐੱਨ ਵਿਸ਼ੇਸ਼ ਜਾਂਚ ਦਲ ਦੇ ਮੁਖੀ ਨੇ ਕਿਹਾ ਹੈ ਕਿ ਇਸ ਬਾਰੇ ਉਂਝ ਵੀ ਕੇਸ ਚੱਲਣੇ ਚਾਹੀਦੇ ਹਨ ਜਿਵੇਂ ਨਾਜ਼ੀ ਨੇਤਾਵਾਂ ਦੇ ਖਿਲਾਫ ਚੱਲੇ ਸਨ, ਤਾਂ ਕਿ ਪੀੜਤਾਂ ਨੂੰ ਸੁਣਿਆ ਜਾ ਸਕੇ ਅਤੇ ਆਈ ਐੱਸ ਦੀ ਵਿਚਾਰਧਾਰਾ ਨੂੰ ਨਸ਼ਟ ਕੀਤਾ ਜਾ ਸਕੇ। ਬ੍ਰਿਟੇਨ ਦੇ ਵਕੀਲ ਕਰੀਮ ਖਾਨ ਨੇ ਯੂ ਐੱਨ ਦੇ ਲੋਕਲ ਬਾਡੀ ਯੂਨੀਟਿਡ ਦੇ ਲਈ ਸਬੂਤ ਇਕੱਠੇ ਕਰਨ ਤੇ ਗਵਾਹੀ ਲਈ ਇੱਕ ਸਾਲ ਤੱਕ ਲਗਭਗ ਅੱਸੀ ਜਾਂਚਕਾਰਾਂ ਦੇ ਨਾਲ ਇਰਾਕ ਦਾ ਦੌਰਾ ਕੀਤਾ।

ਇਸ ਸੰਬੰਧ ਵਿੱਚ ਖਾਨ ਨੇ ਦੱਸਿਆ ਕਿ ਇਹ ਪਹਾੜ 'ਤੇ ਚੜ੍ਹਨ ਵਾਂਗ ਸੀ, ਕਿਉਂਕਿ ਜਾਂਚ ਦਲ ਨੇ 200 ਤੋਂ ਵੱਧ ਸਮੂਹਿਕ ਕਬਰਾਂ ਨੂੰ ਦੇਖਿਆ, 12 ਹਜ਼ਾਰ ਲਾਸ਼ਾਂ, ਆਈ ਐੱਸ ਦੇ ਅਪਰਾਧਾਂ ਨਾਲ ਜੁੜੇ 600,000 ਵੀਡੀਓ ਅਤੇ ਸਮੂਹ ਦੇ ਸ਼ਾਸਨ ਨਾਲ ਸੰਬੰਧਤ 15000 ਸਫਿਆਂ ਦਾ ਵਿਸ਼ਲੇਸ਼ਣ ਕੀਤਾ। ਉਨ੍ਹਾਂ ਕਿਹਾ ਕਿ ਕਿਸ ਨੇ ਸੋਚਿਆ ਹੋਵੇਗਾ ਕਿ 21ਵੀਂ ਸਦੀ ਵਿੱਚ ਅਸੀਂ ਇਨਸਾਨ ਨੂੰ ਸੂਲੀ 'ਤੇ ਚੜ੍ਹਾਉਂਦੇ, ਪਿੰਜਰੇ ਵਿੱਚ ਲਾ ਕੇ ਸਾੜਦੇ, ਗੁਲਾਮ ਬਣਾਉਂਦੇ, ਸੈਕਸ ਗੁਲਾਮੀ ਕਰਾਉਂਦੇ, ਇਮਾਰਤਾਂ ਤੋਂ ਸੁੱਟਦੇ ਦੇਖਾਂਗੇ। ਉਨ੍ਹਾਂ ਨੇ ਕਿਹਾ ਕਿ ਇਹ ਸਾਰਾ ਕੈਮਰੇ ਵਿੱਚ ਕੈਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਈ ਐੱਸ ਦੇ ਨਾਲ ਨਵੀਂ ਗੱਲ ਇਹ ਹੈ ਕਿ ਇਸ ਗਰੁੱਪ ਦੀ ਵਿਚਾਰਧਾਰਾ ਨੇ ਉਸ ਦੇ ਅਪਰਾਧਾਂ ਦੇ ਲਈ ਉਸੇ ਤਰ੍ਹਾਂ ਤੇਲ ਦਾ ਕੰਮ ਕੀਤਾ ਹੈ ਜਿਵੇਂ ਫਾਸ਼ੀਵਾਦ ਨੇ ਹਿਟਲਰ ਦੀ ਅਪਰਾਧਕ ਕਰਤੂਤਾਂ ਨੂੰ ਹਵਾ ਦੇਣ ਲਈ ਕੀਤਾ ਸੀ। ਨਾਜ਼ੀ ਨੇਤਾਵਾਂ ਦੇ ਖਿਲਾਫ ਦੂਸਰੇ ਵਿਸ਼ਵ ਯੁੱਧ ਵਿੱਚ ਕਰੀਬ ਸੱਠ ਲੱਖ ਯਹੂਦੀਆਂ ਦੇ ਕਤਲ ਦੇ ਇਲਜ਼ਾਮ ਵਿੱਚ 1945-46 ਵਿੱਚ ਜਰਮਨੀ ਦੇ ਨਿਊਰੇਮਬਰਗ ਵਿੱਚ ਮੁਕੱਦਮੇ ਚੱਲੇ ਸਨ। ਖਾਨ ਨੇ ਵੀ ਅਜਿਹੀ ਹੀ ਸੁਣਵਾਈ ਦਾ ਸੁਝਾਅ ਦਿੱਤਾ ਹੈ।

## ਪਾਕਿ ਦੇ ਭ੍ਰਿਸ਼ਟਾਚਾਰ ਵਿਰੋਧੀ ਵਿਭਾਗ ਨੇ ਨਵਾਜ਼ ਸ਼ਰੀਫ ਤੋਂ ਫਿਰ ਪੁੱਛਗਿੱਛ ਕੀਤੀ



ਇਸਲਾਮਾਬਾਦ, 30 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਭ੍ਰਿਸ਼ਟਾਚਾਰ ਵਿਰੋਧੀ ਕੌਮੀ ਜਵਾਬਦੇਹੀ ਬਿਊਰੋ (ਐੱਨ ਏ ਬੀ) ਦੇ ਚਾਰ ਅਫਸਰਾਂ ਨੇ ਅੱਜ ਪਾਕਪੱਟਨ ਜ਼ਮੀਨ ਅਲਾਟਮੈਂਟ ਕੇਸ ਵਿਚ ਨਵਾਜ਼ ਸ਼ਰੀਫ ਤੋਂ ਕੋਟ ਲਖਪਤ ਜੇਲ ਵਿਚ ਕਰੀਬ ਇਕ ਘੰਟਾ ਪੁੱਛਗਿੱਛ ਕੀਤੀ ਅਤੇ ਕਈ ਮੁੱਦਿਆਂ ਉੱਤੇ ਜਵਾਬ ਮੰਗੇ ਹਨ।

ਇਸ ਸੰਬੰਧ ਵਿੱਚ ਪਾਕਿਸਤਾਨੀ ਮੀਡੀਆ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਅਫਸਰਾਂ ਨੇ ਜੇਲ ਦੇ ਇਕ ਕਮਰੇ ਵਿਚ ਨਵਾਜ਼ ਸ਼ਰੀਫ ਤੋਂ ਪੁੱਛਗਿੱਛ ਕੀਤੀ ਤੇ ਜ਼ਮੀਨ ਅਲਾਟਮੈਂਟ ਨਾਲ ਸਬੰਧਤ ਕਈ ਦਸਤਾਵੇਜ਼ ਨਵਾਜ਼ ਸ਼ਰੀਫ ਦੇ ਸਾਹ-ਮਣੇ ਰੱਖ ਕੇ ਕਿਹਾ, 'ਤੁਸੀਂ ਸ਼ੱਕੀ ਲੋਕਾਂ ਵਿੱਚੋਂ ਇਕ ਹੋ।' ਨਵਾਜ਼ ਸ਼ਰੀਫ ਨੇ ਕਿਹਾ, 'ਇਹ 34 ਸਾਲ ਪੁਰਾਣਾ ਕੇਸ ਓਦੋਂ ਦਾ ਹੈ, ਜਦੋਂ ਉਹ ਮੁੱਖ ਮੰਤਰੀ ਸਨ। ਇਸ ਲਈ ਉਨ੍ਹਾਂ ਨੂੰ ਕੁਝ ਯਾਦ ਨਹੀਂ।' ਉਨ੍ਹਾਂ ਕਿਹਾ 'ਕੇਸ ਦੀਆਂ ਕਾਪੀਆਂ ਦੇ ਦਿਓ, ਦੇਖ ਕੇ ਦੱਸਾਂਗਾ।' ਸੂਤਰਾਂ ਮੁਤਾਬਕ ਅਫਸਰਾਂ ਨੇ ਪੁੱਛਿਆ ਕਿ ਤੁਹਾਡੇ ਉਸ ਵਕਤ ਦੇ ਸਕੱਤਰ ਨੇ ਅਲਾਟਮੈਂਟ ਦੀ ਜਾਣਕਾਰੀ ਮੰਗਵਾਈ ਤੇ ਸਿਰਫ 24 ਘੰਟੇ ਵਿਚ ਫੈਸਲਾ ਕਰ ਦਿੱਤਾ। ਇਸ ਉਤੇ ਨਵਾਜ਼ ਸ਼ਰੀਫ ਨੇ ਕਿਹਾ ਕਿ ਵਿਭਾਗ ਨੇ ਕੇਸ ਬਣਾ ਕੇ ਭੇਜਿਆ ਹੋਵੇਗਾ। ਹੋ ਸਕਦਾ ਹੈ ਕਿ ਸੈਕਟਰੀ ਨੇ ਜਲਦੀ ਕੰਮ ਕੀਤਾ ਹੋਵੇ, ਇਸ ਬਾਰੇ ਉਹੀ ਦੱਸ ਸਕਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਓਦੋਂ ਦਾ ਸੈਕਟਰੀ ਕਹਿੰਦਾ ਹੈ ਕਿ ਉਸ ਨੇ (ਪੰਜਾਬ ਦੇ) ਓਦੋਂ ਦੇ ਮੁੱਖ ਮੰਤਰੀ (ਨਵਾਜ਼ ਸ਼ਰੀਫ) ਦੇ ਕਹਿਣ ਉੱਤੇ ਕੰਮ ਕੀਤਾ ਸੀ। ਇਸ ਉੱਤੇ ਨਵਾਜ਼ ਸ਼ਰੀਫ ਨੇ ਕਿਹਾ ਕਿ ਇਸ ਬਾਰੇ ਉਹ ਕੋਈ ਜਵਾਬ ਨਹੀਂ ਦੇ ਸਕਦੇ। ਉਨ੍ਹਾਂ ਦੀ ਕਾਨੂੰਨੀ ਟੀਮ ਜਵਾਬ ਦੇਵੇਗੀ। ਉਨ੍ਹਾਂ ਨੇ ਜੋ ਕੁਝ ਵੀ ਕੀਤਾ ਸੀ, ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕੀਤਾ ਸੀ। ਇਸ ਪਿੱਛੋਂ ਜਾਂਚ ਟੀਮ ਵਾਪਸ ਚਲੀ ਗਈ।

## ਚੀਨ ਤੋਂ ਕੰਬੋਡੀਆ ਹਜ਼ਾਰਾਂ ਹਥਿਆਰ ਖਰੀਦ ਰਿਹੈ

ਨਾਮਪੇਹ, 30 ਜੁਲਾਈ (ਪੋਸਟ ਬਿਊਰੋ)- ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨ ਸੇਨ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਚੀਨ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਹਥਿਆਰ ਖਰੀਦ ਰਿਹਾ ਹੈ। ਇਸ ਬਿਆਨ ਤੋਂ ਠੀਕ ਉਲਟ ਹੁਨ ਸੇਨ ਨੇ ਪਿਛਲੇ ਹਫਤੇ ਚੀਨ ਦੇ ਨਾਲ ਗੁਪਤ ਸਮਝੌਤੇ ਦੀਆਂ ਖਬਰਾਂ ਤੋਂ ਇਨਕਾਰ ਕੀਤਾ ਸੀ। ਇਨ੍ਹਾਂ ਖਬਰਾਂ ਵਿੱਚ ਕਿਹਾ ਸੀ ਕਿ ਇਸ ਸਮਝੌਤੇ ਦੇ ਤਹਿਤ ਕੰਬੋਡੀਆ ਨੇ ਚੀਨ ਦੇ ਜੰਗੀ ਬੇੜਿਆਂ ਦੇ ਲਈ ਆਪਣਾ ਇੱਕ ਸਮੁੰਦਰੀ ਫੌਜੀ ਅੱਡਾ ਇਸਤੇਮਾਲ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਚੀਨ ਦੇ ਨਾਲ ਹਥਿਆਰ ਸੌਦੇ ਦੀ ਜਾਣਕਾਰੀ ਦਿੰਦੇ ਹੋਏ ਹੁਨ ਸੇਨ ਨੇ ਕਿਹਾ, ਹਥਿਆਰਾਂ ਦੀ ਖਰੀਦ ਹੋ ਚੁੱਕੀ ਹੈ। ਉਨ੍ਹਾਂ ਦੀ ਖੇਪ ਕੰਬੋਡੀਆ ਲਿਆਂਦੀ ਜਾ ਰਹੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਹ ਸੌਦਾ ਚੀਨ ਨਾਲ ਕੀਤੇ 29 ਕਰੋੜ ਡਾਲਰ ਦੇ ਹਥਿਆਰ ਸੌਦੇ ਤੋਂ ਇਲਾਵਾ ਹੈ। ਚੀਨ ਲਈ ਆਪਣੇ ਮਹੱਤਵ ਪੂਰਨ ਸਮੁੰਦਰੀ ਫੌਜੀ ਅੱਡੇ ਰੀਮ ਨੂੰ ਖੋਲ੍ਹਣ ਦੀ ਖਬਰ 'ਤੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਹੁਨ ਸੇਨ ਨੇ ਕਿਹਾ ਸੀ ਕਿ ਇਹ ਉਨ੍ਹਾਂ ਦੇ ਦੇਸ਼ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪਿਛਲੇ 34 ਸਾਲਾਂ ਤੋਂ ਕੰਬੋਡੀਆ ਦੀ ਸੱਤਾ 'ਤੇ ਕਾਬਿਜ ਹੁਨ ਸੇਨ ਚੀਨ ਦੇ ਪ੍ਰਭਾਵ ਵਿੱਚ ਕੰਮ ਕਰ ਰਹੇ ਹਨ। ਚੀਨ ਇਸ ਹਫਤੇ ਗੁਆਂਢੀ ਤਾਈਵਾਨ ਨਾਲ ਲੱਗਦੇ ਸਮੁੰਦਰੀ ਇਲਾਕੇ ਵਿੱਚ ਫੌਜੀ ਅਭਿਆਸ ਦੀ ਤਿਆਰੀ ਕਰ ਰਿਹਾ ਹੈ। ਚੀਨ ਦੀ ਸਮੁੰਦਰੀ ਰੱਖਿਆ ਏਜੰਸੀ ਨੇ ਬੀਤੇ ਦਿਨ ਇਸ ਦੀ ਜਾਣਕਾਰੀ ਦਿੱਤੀ। ਏਜੰਸੀ ਨੇ ਕਿਹਾ ਇਹ ਨਹੀਂ ਦੱਸਿਆ ਹੈ ਕਿ ਇਹ ਅਭਿਆਸ ਕਦੋਂ ਹੋਵੇਗਾ ਤੇ ਇਸ ਵਿੱਚ ਕਿਹੜੀਆਂ ਫੌਜਾਂ ਹਿੱਸਾ ਲੈਣਗੀਆਂ, ਪਰ ਏਜੰਸੀ ਨੇ ਤਾਈਵਾਨ ਦੇ ਪੱਛਮ ਵਿੱਚ ਗੁਆਂਗਦੋਂਗ ਅਤੇ ਫੁਜਿਆਨ ਰਾਜਾਂ ਨਾਲ ਲੱਗਦੇ ਸਮੁੰਦਰੀ ਇਲਾਕੇ ਵਿੱਚ ਸੋਮਵਾਰ ਤੋਂ ਸ਼ੁੱਕਰਵਾਰ ਵਿਚਾਲੇ ਸਵੇਰੇ ਛੇ ਵਜੇ ਤੋਂ ਸ਼ਾਮ ਛੇ ਵਜੇ ਤੱਕ ਕਿਸੇ ਤਰ੍ਹਾਂ ਦੀ ਆਵਾਜਾਈ 'ਤੇ ਰੋਕ ਲਾ ਦਿੱਤੀ ਹੈ।

## ਬਰਤਾਨੀਆ ਨੇ ਜਹਾਜ਼ਾਂ ਦੀ ਅਦਲਾ ਬਦਲੀ ਤੋਂ ਨਾਂਹ ਕੀਤੀ



ਲੰਡਨ, 30 ਜੁਲਾਈ (ਪੋਸਟ ਬਿਊਰੋ)- ਬ੍ਰਿਟੇਨ ਨੇ ਈਰਾਨ ਨਾਲ ਫੜੇ ਗਏ ਮਾਲ ਵਾਹਕ ਜਹਾਜ਼ਾਂ ਦੀ ਅਦਲਾ ਬਦਲੀ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਇਸ ਸਮੇਂ ਦੋਵਾਂ ਦੇਸ਼ਾਂ ਕੋਲ ਇਕ ਦੂਜੇ ਦੇ ਇਕ-ਇਕ ਜਹਾਜ਼ ਹਨ। ਦੋਵਾਂ ਦੇ ਚਾਲਕ ਦਲਾਂ 'ਚ ਜ਼ਿਆਦਾ ਮੁਲਾਜ਼ਮ ਭਾਰਤੀ ਹਨ। ਦੋਵਾਂ ਜਹਾਜ਼ਾਂ ਦੇ ਮੁਲਾਜ਼ਮ ਸਿਹਤਮੰਦ ਤੇ ਸੁਰੱਖਿਅਤ ਹਨ।

ਇਸ ਦੌਰਾਨ ਬ੍ਰਿਟੇਨ ਨੇ ਆਪਣੀ ਨੇਵੀ ਦਾ ਇਕ ਹੋਰ ਬੇੜਾ ਐਚ ਐਮ ਐਸ ਡੰਕਨ ਖਾੜੀ 'ਚ ਭੇਜ ਦਿੱਤਾ ਹੈ। ਇਹ ਜੰਗੀ ਬੇੜਾ ਖਾੜੀ ਵਿੱਚ ਪਹਿਲਾਂ ਮੌਜੂਦਾ ਬ੍ਰਿਟੇਨ ਦੇ ਜੰਗੀ ਬੇੜੇ ਐਚ ਐਮ ਐਸ ਮਾਨਟ੍ਰਾਸ ਨਾਲ ਮਿਲ ਕੇ ਹੋਰਮੁਜ ਸਟ੍ਰੇਟ ਵਿੱਚੋਂ ਹੋ ਕੇ ਲੰਘਣ ਵਾਲੇ ਮਾਲ ਵਾਹਕ ਜਹਾਜ਼ਾਂ ਨੂੰ ਸੁਰੱਖਿਆ ਦੇਵੇਗਾ। ਦੁਨੀਆ ਦੇ ਸਭ ਤੋਂ ਰੁਝੇਵੇਂ ਵਾਲੇ ਵਪਾਰ ਮਾਰਗਾਂ 'ਚੋਂ ਇਕ ਹੋਰਮੁਜ ਖਾੜੀ ਈਰਾਨ ਦੀ ਸਮੁੰਦਰੀ ਸਰਹੱਦ ਨਾਲ ਲੱਗਾ ਹੋਇਆ ਭੀੜਾ ਜਲ ਮਾਰਗ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਐਟਮੀ ਸਮਝੌਤੇ ਤੋਂ ਵੱਖ ਹੋਣ ਅਤੇ ਈਰਾਨ 'ਤੇ ਜ਼ਿਆਦਾ ਦਬਾਅ ਬਣਾਉਣ ਦੀ ਰਣਨੀਤੀ ਨਾਲ ਇਲਾਕੇ ਦੇ ਹਾਲਾਤ ਬਦਲ ਗਏ ਹਨ। ਅਮਰੀਕਾ ਦੇ ਮਿੱਤਰ ਬ੍ਰਿਟੇਨ ਨੇ ਜਿਬ੍ਰਾਲਟਰ 'ਚ ਚਾਰ ਜੁਲਾਈ ਨੂੰ ਈਰਾਨੀ ਤੇਲ ਟੈਂਕਰ ਗ੍ਰੇਸ ਇਕ ਨੂੰ ਰੋਕਿਆ ਤਾਂ ਜਵਾਬ 'ਚ ਈਰਾਨ ਨੇ ਬਰਤਾਨੀਆ ਦੇ ਵਪਾਰਕ ਜਹਾਜ਼ ਸਟੈਨਾ ਇੰਪੈਰੋ ਨੂੰ 20 ਜੁਲਾਈ ਨੂੰ ਫੜ ਲਿਆ। ਬ੍ਰਿਟੇਨ ਦੇ ਨਵੇਂ ਵਿਦੇਸ਼ ਮੰਤਰੀ ਡੋਮਿਨਿਕ ਰਾਬ ਨੇ ਜਹਾਜ਼ਾਂ ਦੀ ਅਦਲਾ ਬਦਲੀ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ। ਰਾਬ ਨੇ ਬੀ ਬੀ ਸੀ ਰੇਡੀਓ ਨੂੰ ਕਿਹਾ ਕਿ ਸਥਿਤੀ ਤੋਂ ਪਿੱਛੇ ਹਟਣ ਦਾ ਸਵਾਲ ਹੀ ਨਹੀਂ। ਬ੍ਰਿਟੇਨ ਨੇ ਕਿਸੇ ਬੁਰੀ ਭਾਵਨਾ ਨਾਲ ਨਹੀਂ, ਕੌਮਾਂਤਰੀ ਨਿਯਮਾਂ ਤਹਿਤ ਈਰਾਨ ਦੇ ਜਹਾਜ਼ ਨੂੰ ਰੋਕਿਆ ਹੈ। ਉਹ ਆਪਣੇ ਕਦਮ ਤੋਂ ਪਿੱਛੇ ਨਹੀਂ ਹਟੇਗਾ। ਇਸ ਤੋਂ ਪਹਿਲਾਂ ਈਰਾਨੀ ਰਾਸ਼ਟਰਪਤੀ ਹਸਨ ਰੂਹਾਨੀ ਨੇ ਜਹਾਜ਼ਾਂ ਦੀ ਅਦਲਾ ਬਦਲੀ ਦੀ ਸੰਭਾਵਨਾ ਦਾ ਸੰਕੇਤ ਕੀਤਾ ਸੀ। ਕਿਹਾ ਸੀ ਸਾਨੂੰ ਇਸ 'ਚ ਕੋਈ ਹਰਜ਼ ਨਹੀਂ ਹੈ। ਈਰਾਨ ਨੇ ਬਰਤਾਨੀਆ ਦੀ ਕਾਰਵਾਈ ਨੂੰ 2015 ਦੇ ਪਰਮਾਣੂ ਸਮਝੌਤੇ ਦੀ ਉਲੰਘਣਾ ਵੀ ਦੱਸਿਆ ਹੈ, ਜਿਸ 'ਤੇ ਬਰਤਾਨੀਆ ਨੇ ਵੀ ਦਸਤਖਤ ਕੀਤੇ ਹਨ।

### ਅਮਰੀਕਾ ਵਿੱਚ ਚਾਰ ਵਿੱਚੋਂ ਇੱਕ ਫੂਡ ਡਿਲੀਵਰੀ ਬੁਆਏ ਖਾਣਾ ਰਾਹ ਵਿੱਚ ਚਖ ਲੈਂਦਾ ਹੈ

ਵਾਸ਼ਿੰਗਟਨ, 30 ਜੁਲਾਈ (ਪੋਸਟ ਬਿਊਰੋ)- ਆਨਲਾਈਨ ਫੂਡ ਡਿਲੀਵਰੀ ਕੰਪਨੀਆਂ ਦਾ ਹਰ ਚੌਥਾ ਡਿਲੀਵਰੀ ਬੁਆਏ ਖਾਣਾ ਪਹੁੰਚਾਉਣ ਤੋਂ ਪਹਿਲਾਂ ਖਾਣਾ ਚੱਖਦਾ ਹੈ ਜਾਂ ਖਾ ਲੈਂਦਾ ਹੈ। ਅਮਰੀਕਾ ਵਿੱਚ ਚਾਰ ਕੰਪਨੀਆਂ ਦੇ 500 ਡਿਲੀਵਰੀ ਬੁਆਏ 'ਤੇ ਕੀਤੇ ਗਏ ਸਰਵੇ ਵਿੱਚ ਇਹ ਨਤੀਜੇ ਸਾਹਮਣੇ ਆਏ ਹਨ। ਇਹ ਸਰਵੇ ਅਮਰੀਕਾ ਦੇ ਖੁਰਾਕ ਵਿਭਾਗ ਨੇ ਕੀਤਾ ਸੀ। ਵਿਭਾਗ ਵੱਲੋਂ ਦੱਸਿਆ ਗਿਆ ਕਿ ਪਿਛਲੇ ਲੰਬੇ ਸਮੇਂ ਤੋਂ ਡਿਲੀਵਰੀ ਬੁਆਏ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਸਨ। ਜ਼ਿਆਦਾ ਖਪਤਕਾਰਾਂ ਨੇ ਸ਼ਿਕਾਇਤ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਠੰਢਾ ਤੇ ਘੱਟ ਮਿਲਦਾ ਹੈ। ਇਸ ਦੇ ਬਾਅਦ ਵਿਭਾਗ ਨੇ ਉਬਰ ਈਟਸ, ਗ੍ਰਬਹਬ, ਡੋਰਡੈਸ਼ ਅਤੇ ਪੋਸਟ ਮੈਟਸ ਐਪ ਦੇ ਫੂਡ ਡਿਲੀਵਰੀ ਐਪ ਦੇ ਡਿਲੀਵਰੀ ਬੁਆਏ 'ਤੇ ਸਰਵੇ ਕੀਤਾ। ਇਸ ਵਿੱਚ ਸਾਹਮਣੇ ਆਇਆ ਕਿ ਸਿਰਫ 20 ਮਿੰਟ ਦੀ ਦੂਰੀ ਦਾ ਆਰਡਰ ਪਹੁੰਚਾਉਣ ਵਿੱਚ ਡਿਲੀਵਰੀ ਬੁਆਏ ਔਸਤ ਚਾਲੀ ਮਿੰਟ ਤੱਕ ਲੈਂਦੇ ਹਨ ਅਤੇ ਕੁਝ ਡਰਾਈਵਰ ਖਾਣਾ ਪਹੁੰਚਾਉਣ ਵਿੱਚ ਕਰੀਬ ਸੱਤਰ ਮਿੰਟ ਤੱਕ ਲੈ ਲੈਂਦੇ ਹਨ। ਇਸ ਕਾਰਨ ਖਪਤਕਾਰਾਂ ਨੂੰ ਠੰਢਾ ਖਾਣਾ ਮਿਲਦਾ ਹੈ। ਇੰਨਾ ਹੀ ਨਹੀਂ ਖਾਣਾ ਆਰਡਰ ਕਰਨ 'ਤੇ ਜ਼ਿਆਦਾਤਰ ਖਪਤਕਾਰਾਂ ਨੂੰ ਖਾਣੇ ਦੀ ਪੈਕਿੰਗ ਢਿੱਲੀ ਜਾਂ ਖੁੱਲ੍ਹੀ ਮਿਲੀ। ਕੁਝ ਗ੍ਰਾਹਕਾਂ ਨੂੰ ਖਾਣਾ ਘੱਟ ਵੀ ਮਿਲਿਆ।

## ਅਮਰੀਕਾ ਵਿੱਚ ਸ਼ਰਨ ਮੰਗਦੇ ਭਾਰਤੀਆਂ ਨੂੰ ਜਬਰੀ ਡ੍ਰਿਪ ਚੜ੍ਹਾਈ



ਹਿਊਸਟਨ, 30 ਜੁਲਾਈ (ਪੋਸਟ ਬਿਊਰੋ)- ਸ਼ਰਨ ਲੈਣ ਦੀ ਤਲਾਸ਼ ਵਿੱਚ ਅਮਰੀਕਾ ਗਏ ਤਿੰਨ ਭਾਰਤੀਆਂ ਨੂੰ ਟੈਕਸਸ ਦੇ ਐਲ ਪਾਸੋ ਵਿੱਚ ਬਣੇ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ ਸੀ ਈ) ਕੇਂਦਰ ਵਿੱਚ ਕੱਲ੍ਹ ਨਰਸਾਂ ਜ਼ਰੀਏ ਜਬਰੀ ਡ੍ਰਿਪਸ (ਆਈ ਵੀ ਡ੍ਰਿਪ) ਚੜ੍ਹਾ ਦਿੱਤੀਆਂ ਗਈਆਂ।

ਇਨ੍ਹਾਂ ਭਾਰਤੀਆਂ ਦੇ ਵਕੀਲ ਨੇ ਦੱਸਿਆ ਕਿ ਇਹ 12 ਦਿਨ ਤੋਂ ਭੁੱਖ ਹੜਤਾਲ 'ਤੇ ਹਨ। ਇਹ ਤਿੰਨੋਂ ਇਸ ਮੰਗ ਦੇ ਨਾਲ 9 ਜੁਲਾਈ ਤੋਂ ਆਈ ਸੀ ਈ ਹਿਰਾਸਤ ਕੇਂਦਰ ਵਿੱਚ ਹੜਤਾਲ ਉਤੇ ਬੈਠੇ ਸਨ ਕਿ ਜਦ ਤੱਕ ਉਨ੍ਹਾਂ ਦੀ ਅਰਜ਼ੀ 'ਤੇ ਵਿਚਾਰ ਚੱਲ ਰਿਹਾ ਹੈ, ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਵਕੀਲ ਲਿੰਡਾ ਕੋਰਚਾ-ਡੋ ਨੇ ਕਿਹਾ ਕਿ ਇਨ੍ਹਾਂ ਅਮਰੀਕਾ ਵਿੱਚ ਸ਼ਰਨ ਮੰਗੀ ਸੀ ਤੇ ਇਹ ਅਰਜ਼ੀ ਠੁਕਰਾ ਦਿੱਤੀ ਗਈ ਸੀ। ਇਸ ਪਿੱਛੋਂ ਇਨ੍ਹਾਂ ਅਰਜ਼ੀ 'ਤੇ ਮੁੜ ਵਿਚਾਰ ਦੀ ਮੰਗ ਕੀਤੀ ਸੀ। ਮੀਡੀਆ ਰਿਪੋਰਟ ਮੁਤਾਬਕ ਇਹ ਕਈ ਮਹੀਨਿਆਂ ਤੋਂ ਇਥੇ ਬੰਦੀ ਹਨ, ਜਦ ਕਿ ਇਕ ਨੂੰ ਸਾਲ ਹੋ ਚੱਲਿਆ ਹੈ।

ਨਿਆਂ ਮੰਤਰਾਲੇ ਨੇ ਪਿਛਲੇ ਹਫਤੇ ਫੈਡਰਲ ਅਦਾਲਤ ਅੱਗੇ ਅਰਜ਼ੀ ਦਾਇਰ ਕਰਕੇ ਤਿੰਨਾਂ ਦੀ ਸਹਿਮਤੀ ਬਗੈਰ ਖਾਣਾ ਖਿਲਾਉਣ ਜਾਂ ਪਾਣੀ ਚੜ੍ਹਾਉਣ ਦੀ ਮੰਗ ਕੀਤੀ ਸੀ। ਵਕੀਲਾਂ ਅਤੇ ਮਨੁੱਖੀ ਹੱਕ ਕਾਰਕੁਨਾਂ ਦਾ ਕਹਿਣਾ ਹੈ ਕਿ ਉਹ ਇਸ ਗੱਲ ਤੋਂ ਫਿਕਰਮੰਦ ਹਨ ਕਿ ਅਗਲੇ ਕਦਮ ਤਹਿਤ ਇਨ੍ਹਾਂ ਨੂੰ ਜਬਰੀ ਖਾਣਾ ਖਿਲਾਇਆ ਜਾਵੇਗਾ। ਵਕੀਲ ਲਿੰਡਾ ਨੇ ਦੋਸ਼ ਲਾਇਆ ਕਿ ਲੰਮਾ ਸਮਾਂ ਹਿਰਾਸਤ ਵਿੱਚ ਰੱਖਣ ਤੇ ਅਦਾਲਤ ਦੇ ਪੱਖਪਾਤੀ ਰਵੱਈਏ ਤੋਂ ਬਾਅਦ ਹੀ ਇਨ੍ਹਾਂ ਹੜਤਾਲ ਦਾ ਫੈਸਲਾ ਲਿਆ ਸੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਹਿਰਾਸਤ ਖਤਮ ਹੋਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ।

### ਇੰਟਰਪੋਲ ਵੱਲੋਂ ਇਸਲਾਮੀ ਪ੍ਰਚਾਰਕ ਜ਼ਾਕਿਰ ਨਾਇਕ ਵਿਰੁੱਧ ਰੈਡ ਕਾਰਨਰ ਨੋਟਿਸ ਕੱਢਣ ਤੋਂ ਨਾਂਹ



ਲੰਡਨ, 30 ਜੁਲਾਈ (ਪੋਸਟ ਬਿਊਰੋ)- ਇੰਟਰਪੋਲ ਨੇ ਇਸਲਾਮਿਕ ਪ੍ਰਚਾਰਕ ਜ਼ਾਕਿਰ ਨਾਇਕ ਵਿਰੁੱਧ ਰੈਡ ਕਾਰਨਰ ਨੋਟਿਸ ਜਾਰੀ ਕਰਨ ਦੀ ਭਾਰਤ ਦੀ ਅਪੀਲ ਨੂੰ ਤੀਜੀ ਵਾਰ ਠੁਕਰਾ ਦਿੱਤਾ ਹੈ।

ਪਤਾ ਲੱਗਾ ਹੈ ਕਿ ਇੰਟਰਪੋਲ ਨੇ ਕਿਹਾ ਹੈ ਕਿ ਜ਼ਾਕਿਰ ਵਿਰੁੱਧ ਦੋਸ਼ ਅਸਪੱਸ਼ਟ ਅਤੇ ਬੇਬੁਨਿਆਦ ਸਨ। ਭਾਰਤੀ ਅਧਿਕਾਰੀ ਇੰਟਰਪੋਲ ਸਾਹਮਣੇ ਵਿਸ਼ਵਾਸ ਯੋਗ ਸਬੂਤ ਪੇਸ਼ ਕਰਨ ਅਤੇ ਢੁੱਕਵੀਂ ਪ੍ਰਕਿਰਿਆ ਦਾ ਪਾਲਣ ਕਰਨ ਵਿੱਚ ਅਸਫਲ ਰਹੇ ਹਨ। ਇੰਟਰਪੋਲ ਨੇ ਆਪਣੇ ਸਾਰੇ ਦਫਤਰਾਂ ਨੂੰ ਇਸ ਬਾਰੇ ਆਈਆਂ ਸਾਰੀਆਂ ਸੂਚਨਾਵਾਂ ਅਤੇ ਅਰਜ਼ੀਆਂ ਨੂੰ ਰੱਦ ਕਰਦਿਆਂ ਕੰਮਕਾਜ ਤੋਂ ਹਟਾ ਦੇਣ ਦੇ ਨਿਰਦੇਸ਼ ਦਿੱਤੇ ਹਨ। ਵਰਨਣ ਯੋਗ ਹੈ ਕਿ ਜ਼ਾਕਿਰ ਨਾਇਕ ਪੱਕੇ ਤੌਰ 'ਤੇ ਮਲੇਸ਼ੀਆ ਦਾ ਨਾਗਰਿਕ ਹੈ। ਇੰਟਰਪੋਲ ਨੇ ਭਾਰਤ ਨੂੰ ਦੱਸਿਆ ਕਿ ਕੁਝ ਸਾਲ ਪਹਿਲਾਂ ਭਾਰਤ ਛੱਡ ਕੇ ਮਲੇਸ਼ੀਆ ਵਿੱਚ ਰਹਿ ਰਹੇ ਡਾਕਟਰ ਨਾਇਕ ਵਿਰੁੱਧ ਸਬੂਤਾਂ ਦੀ ਘਾਟ ਤੇ ਕਿਸੇ ਤਰ੍ਹਾਂ ਦੇ ਗਲਤ ਕੰਮ ਸਾਬਤ ਨਾ ਹੋਣ ਕਰਕੇ ਉਸ ਵਿਰੁੱਧ ਨੋਟਿਸ ਜਾਰੀ ਨਹੀਂ ਕੀਤਾ ਜਾ ਸਕਦਾ। ਇੰਟਰਪੋਲ ਨੇ 1-5 ਜੁਲਾਈ 2019 ਨੂੰ ਆਯੋਜਿਤ 109ਵੇਂ ਸੈਸ਼ਨ ਦੌਰਾਨ ਇਹ ਫੈਸਲਾ ਲਿਆ ਹੈ। ਜ਼ਿਕਰ ਯੋਗ ਹੈ ਕਿ ਭਾਰਤ ਵੱਲੋਂ ਇਸਲਾਮਿਕ ਪ੍ਰਚਾਰਕ ਜ਼ਾਕਿਰ ਨਾਇਕ 'ਤੇ ਅੱਤਵਾਦ ਅਤੇ ਹਵਾਲਾ ਦੇ ਦੋਸ਼ ਲਗਾਏ ਸਨ। ਭਾਰਤ ਦੇ ਗ੍ਰਹਿ ਮੰਤਰਾਲੇ ਵੱਲੋਂ ਨਵੰਬਰ 2016 'ਚ ਡਾ. ਨਾਇਕ ਅਤੇ ਉਸ ਦੇ ਇਸਲਾਮਿਕ ਰਿਸਰਚ ਫਾਊਂਡੇਸ਼ਨ 'ਤੇ ਪਾਬੰਦੀ ਲਾ ਦਿੱਤੀ ਸੀ।

Honesty, Reliability, Commitment
Hira Randhawa
Broker
HomeLife SilverCity
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,999 — Flower-Town & Mclaughlin — Cozy Bungalow Built On 50*146.9 Ft Lot. This Home Is Perfect For First-Time Buyers. 3+2 Bdrms With 2 Full Bthrms. Fully Renovated Kitchen. Lots Of Outdoor Space For Summer Pot Lights On The Main Floor. The Whole House Rented For $ 2900.
